Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 10 | 06/07/2026 | www.samajweekly.com | samajweekly | @samajweekly | samajweekly

# ਅਮਰੀਕਾ ਨੇ ਮਨਾਈ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ, ਦੇਸ਼ ਭਰ 'ਚ ਹੋਏ ਸ਼ਾਨਦਾਰ ਸਮਾਗਮ

## ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਮਿਊਨਿਜ਼ਮ 'ਤੇ ਕੀਤਾ ਤਿੱਖਾ ਹਮਲਾ

**ਵਾਸ਼ਿੰਗਟਨ :** ਸੰਯੁਕਤ ਰਾਜ ਅਮਰੀਕਾ ਨੇ ਸ਼ਨੀਵਾਰ ਨੂੰ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾਈ ਅਤੇ ਦੇਸ਼ ਭਰ ਵਿੱਚ ਸ਼ਾਨਦਾਰ ਜਸ਼ਨ ਮਨਾਏ ਗਏ। ਮੁੱਖ ਸਮਾਗਮ ਵਾਸ਼ਿੰਗਟਨ, ਡੀ.ਸੀ. ਦੇ ਨੈਸ਼ਨਲ ਮਾਲ ਵਿੱਚ ਹੋਇਆ, ਜਿੱਥੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ । ਮੀਂਹ ਅਤੇ ਤੂਫ਼ਾਨ ਕਾਰਨ ਸਮਾਗਮ 'ਚ ਕੁੱਝ ਦੇਰੀ ਹੋਈ ਪਰ ਮੌਸਮ ਸਾਫ਼ ਹੋਣ ਤੋਂ ਬਾਅਦ ਸਮਾਰੋਹ ਮੁੜ ਸ਼ੁਰੂ ਹੋ ਗਿਆ।ਆਪਣੇ ਸੰਬੋਧਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਮਿਊਨਿਜ਼ਮ 'ਤੇ ਤਿੱਖਾ ਹਮਲਾ ਕੀਤਾ । ਉਨ੍ਹਾਂ ਕਿਹਾ ਕਿ ਅਸੀਂ ਆਪਣੇ ਦੇਸ਼ ਵਿੱਚ ਕਮਿਊਨਿਸਟ ਨਹੀਂ



ਚਾਹੁੰਦੇ । ਕਮਿਊਨਿਜ਼ਮ ਹਮੇਸ਼ਾ ਹਾਰਿਆ ਹੈ ਅਤੇ ਹਾਰਦਾ ਰਹੇਗਾ । ਇਹ ਅਮਰੀਕੀ ਪ੍ਰਣਾਲੀ ਦੇ ਪੂਰੀ ਤਰ੍ਹਾਂ ਉਲਟ ਹੈ । ਟਰੰਪ ਨੇ ਕਿਹਾ ਕਿ ਅਮਰੀਕੀ ਸੈਨਿਕਾਂ ਨੇ ਦੁਨੀਆ ਭਰ ਵਿੱਚ ਕਮਿਊਨਿਜ਼ਮ ਵਿਰੁੱਧ ਲੜਾਈ ਲੜੀ ਤਾਂ ਜੋ ਇਹ ਵਿਚਾਰਧਾਰਾ ਕਦੇ ਵੀ ਅਮਰੀਕਾ ਵਿੱਚ ਪੈਰ ਨਾ ਜਮਾ ਸਕੇ ।ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਨੈਸ਼ਨਲ ਮਾਲ 'ਤੇ 40 ਮਿੰਟ ਦਾ ਰਿਕਾਰਡ ਤੋੜ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਹੋਇਆ, ਜਿਸ ਵਿੱਚ 8.5 ਲੱਖ ਤੋਂ ਵੱਧ ਆਤਿਸ਼ਬਾਜ਼ੀਆਂ ਚਲਾਈਆਂ ਗਈਆਂ । ਵ੍ਹਾਈਟ ਹਾਊਸ ਨੇ ਇਸ ਨੂੰ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਵੱਡਾ ਸੁਤੰਤਰਤਾ ਦਿਵਸ ਆਤਿਸ਼ਬਾਜ਼ੀ ਪ੍ਰਦਰਸ਼ਨ ਦੱਸਿਆ।

# ਹੁਸ਼ਿਆਰਪੁਰ ਨਗਰ ਨਿਗਮ 'ਤੇ ਆਮ ਆਦਮੀ ਪਾਰਟੀ ਦਾ ਕਬਜ਼ਾ, 35 ਸੀਟਾਂ 'ਤੇ ਜਿੱਤ ਕੀਤੀ ਹਾਸਲ

## ਕੁੱਲ 50 ਵਾਰਡਾਂ ਵਿੱਚੋਂ 'ਆਪ' ਨੇ 35 ਸੀਟਾਂ 'ਤੇ ਜਿੱਤ ਦਰਜ ਕੀਤੀ




**ਹੁਸ਼ਿਆਰਪੁਰ:** ਹੁਸ਼ਿਆਰਪੁਰ ਨਗਰ ਨਿਗਮ ਦੀਆਂ ਜਨਰਲ ਕੌਂਸਲ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ (AAP) ਨੇ ਵੱਡੀ ਸਫਲਤਾ ਹਾਸਲ ਕਰਦਿਆਂ ਨਗਰ ਨਿਗਮ 'ਤੇ ਆਪਣਾ ਕਬਜ਼ਾ ਜਮਾ ਲਿਆ ਹੈ। ਕੁੱਲ 50 ਵਾਰਡਾਂ ਵਿੱਚੋਂ 'ਆਪ' ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 35 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ, ਜਿਸ ਨਾਲ ਸ਼ਹਿਰ ਵਿੱਚ ਆਪਣਾ ਮੇਅਰ ਬਣਾਉਣ ਦਾ ਰਸਤਾ ਸਾਫ਼ ਹੋ ਗਿਆ ਹੈ। ਇਹ ਚੋਣਾਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਹੇਠ ਲੜੀਆਂ ਗਈਆਂ ਸਨ।

**ਪਾਰਟੀ ਵਾਈਜ਼ ਨਤੀਜਿਆਂ ਦੀ ਸਥਿਤੀ:**

| ਪਾਰਟੀ | ਜਿੱਤੀਆਂ ਸੀਟਾਂ |
|---|---|
| ਆਮ ਆਦਮੀ ਪਾਰਟੀ | 35 |
| ਕਾਂਗਰਸ | 09 |
| ਭਾਰਤੀ ਜਨਤਾ ਪਾਰਟੀ | 03 |
| ਆਜ਼ਾਦ ਉਮੀਦਵਾਰ | 03 |
| ਸ਼੍ਰੋਮਣੀ ਅਕਾਲੀ ਦਲ | 00 |

SouthAsians & Diaspora

**ਕਾਂਗਰਸ ਦੂਜੇ ਨੰਬਰ 'ਤੇ**


ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ ਅਤੇ ਪਾਰਟੀ ਆਪਣਾ ਖਾਤਾ ਖੋਲ੍ਹਣ ਵਿੱਚ ਵੀ ਨਾਕਾਮ ਰਹੀ। ਦੂਜੇ ਪਾਸੇ, ਕਾਂਗਰਸ ਪਾਰਟੀ 9 ਸੀਟਾਂ ਜਿੱਤ ਕੇ ਦੂਜੇ ਸਥਾਨ 'ਤੇ ਰਹੀ, ਜਦਕਿ ਭਾਜਪਾ ਅਤੇ ਆਜ਼ਾਦ ਉਮੀਦਵਾਰਾਂ ਦੇ ਹਿੱਸੇ 3-3 ਸੀਟਾਂ ਆਈਆਂ।

**ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ ਚੋਣਾਂ**

ਪ੍ਰਸ਼ਾਸਨ ਵੱਲੋਂ ਕੀਤੇ ਗਏ ਪੁਖਤਾ ਇੰਤਜ਼ਾਮਾਂ ਸਦਕਾ ਵੋਟਿੰਗ ਪ੍ਰਕਿਰਿਆ ਪੂਰੀ ਤਰ੍ਹਾਂ ਸ਼ਾਂਤੀਪੂਰਵਕ ਰਹੀ। ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਈ ਵੋਟਿੰਗ ਦੌਰਾਨ ਹੁਸ਼ਿਆਰਪੁਰ ਦੇ ਲਗਭਗ 60% ਵੋਟਰਾਂ ਨੇ ਆਪਣੇ ਲੋਕਤੰਤਰੀ ਅਧਿਕਾਰ ਦਾ ਇਸਤੇਮਾਲ ਕੀਤਾ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਖ਼ਬਰ ਸਾਹਮਣੇ ਨਹੀਂ ਆਈ। 'ਆਪ' ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਲਗਭਗ ਸਾਰੇ ਪੁਰਾਣੇ ਕੌਂਸਲਰ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਰਹੇ।

ਸੱਦਾ-ਪੱਤਰ

ਨਮੋ ਬੁੱਧਾਏ



ਤਥਾਗਤ ਬੁੱਧ

ਜੈ ਭੀਮ-ਜੈ ਭਾਰਤ



ਡਾ. ਅੰਬੇਡਕਰ

ਅੰਬੇਡਕਰ ਭਵਨ, ਜਲੰਧਰ ਵਿਖੇ ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ ਦੇ ਸੰਸਥਾਪਕ, ਮਹਾਨ ਚਿੰਤਕ, ਉੱਘੇ ਲੇਖਕ, ਪ੍ਰਸਿੱਧ ਅੰਬੇਡਕਰਵਾਦੀ ਯੋਧੇ, ਨਿਡਰ ਬੁਲਾਰੇ, ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਸੰਸਥਾਪਕ ਟਰੱਸਟੀ, ਆਲ ਇੰਡੀਆ ਸਮਤਾ ਸੈਨਿਕ ਦਲ ਦੀ ਪੁਨਰ-ਸੁਰਜੀਤੀ, ਭੀਮ ਪੱਤ੍ਰਿਕਾ ਦੇ ਬਾਨੀ ਸੰਪਾਦਕ

ਮਰਹੂਮ ਸ਼੍ਰੀ ਲਾਹੌਰੀ ਰਾਮ ਬਾਲੀ ਜੀ ਦੇ ਪ੍ਰੀਨਿਰਵਾਣ 6 ਜੁਲਾਈ ਨੂੰ ਸਮਰਪਿਤ



ਐੱਲ.ਆਰ. ਬਾਲੀ

ਸੈਮੀਨਾਰ

ਵਿਸ਼ਾ : ਅਜੋਕੇ ਸਮੇਂ ਵਿੱਚ ਸ਼੍ਰੀ ਬਾਲੀ ਜੀ ਦੇ ਅੰਬੇਡਕਰ ਮਿਸ਼ਨ ਅਤੇ ਸਮਾਜਿਕ ਨਿਆਂ ਲਈ ਯੋਗਦਾਨ, ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਅਤੇ ਉਨ੍ਹਾਂ ਦੁਆਰਾ ਲਿਖਿਤ ਸਾਹਿਤ ਦੀ ਸਮਾਜ ਅਤੇ ਦੇਸ਼ ਨੂੰ ਜ਼ਰੂਰਤ।

ਮਿਤੀ : 11 ਜੁਲਾਈ, 2026 (ਸ਼ਨੀਵਾਰ) ਸਮਾਂ : ਸ਼ਾਮ 4.00 ਵਜੇ

ਸਥਾਨ : ਰਮਾਬਾਈ ਅੰਬੇਡਕਰ ਯਾਦਗਾਰ ਹਾਲ, ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ।

ਮੁੱਖ ਬੁਲਾਰੇ : ਪ੍ਰੋ. ਜਗਮੋਹਨ ਸਿੰਘ (ਸ਼ਹੀਦ ਭਗਤ ਸਿੰਘ ਦੇ ਭਾਣਜੇ) ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ

*ਆਪ ਸਭ ਨੂੰ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਸਹਿਤ ਉਪਰੋਕਤ ਸਮਾਗਮ ਵਿੱਚ ਸਮੇਂ ਸਿਰ ਸ਼ਾਮਿਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।*

ਨੋਟ : ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਨਿਵੇਦਨ ਕਰਤਾ

| ਪ੍ਰੋਫੈਸਰ ਬਲਬੀਰ | ਬਲਦੇਵ ਰਾਜ ਭਾਰਦਵਾਜ | ਤਿਲਕ ਰਾਜ |
|---|---|---|
| (ਪ੍ਰਧਾਨ) | (ਜਨਰਲ ਸਕੱਤਰ) | (ਵਿੱਤ ਸਕੱਤਰ) |
| 9815289294 | 9815701023 | 9876045593 |

ਸਮੂਹ ਅਹੁਦੇਦਾਰ ਅਤੇ ਕਾਰਜਕਾਰਨੀ ਮੈਂਬਰ ਸਾਹਿਬਾਨ

ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ.) ਪੰਜਾਬ

ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ-144003

# ਮੁੰਬਈ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਮਾਨਸੂਨ ਦੀ ਭਾਰੀ ਮਾਰ

**ਨਵੀਂ ਦਿੱਲੀ/ਮੁੰਬਈ :** ਦੇਸ਼ ਭਰ ਵਿੱਚ ਮਾਨਸੂਨ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ ਅਤੇ ਕਈ ਸੂਬਿਆਂ ਵਿੱਚ ਭਾਰੀ ਮੀਂਹ ਨੇ ਆਮ ਜੀਵਨ 'ਤੇ ਬੁਰਾ ਅਸਰ ਪਾਇਆ ਹੈ। ਆਰਥਿਕ ਰਾਜਧਾਨੀ ਮੁੰਬਈ ਵਿੱਚ ਜਿੱਥੇ ਕੁਝ ਹੀ ਘੰਟਿਆਂ ਵਿੱਚ ਰਿਕ-ਾਰਡ ਤੋੜ ਮੀਂਹ ਪਿਆ ਹੈ, ਉੱਥੇ ਹੀ ਓਡੀਸ਼ਾ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਲਈ ਗੰਭੀਰ ਚੇਤਾਵਨੀਆਂ ਜਾਰੀ ਕੀਤੀਆਂ ਹਨ। ਦੂਜੇ ਪਾਸੇ, ਪੰਜਾਬ ਅਤੇ ਹਰਿਆਣਾ ਦੇ ਮੈਦਾਨੀ ਇਲਾਕਿਆਂ ਵਿੱਚ ਵੀ ਮਾਨਸੂਨ ਦੇ ਅੱਗੇ ਵਧਣ ਲਈ ਹਾਲਾਤ ਪੂਰੀ ਤਰ੍ਹਾਂ ਸਾਜ਼ਗਾਰ ਬਣ ਗਏ ਹਨ। ਸ਼ਨੀਵਾਰ ਨੂੰ ਮੁੰਬਈ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਪਏ ਮੋਹਲੇਧਾਰ ਮੀਂਹ ਨੇ ਭਾਰੀ ਤਬਾਹੀ ਮਚਾਈ। ਸਿਰਫ਼ 12 ਘੰਟਿਆਂ ਦੇ ਅੰਦਰ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਲਗਭਗ 200 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਇਸ ਕਾਰਨ ਨੀਵੇਂ ਇਲਾਕਿਆਂ ਵਿੱਚ ਪਾਣੀ



ਭਰ ਗਿਆ, ਸੜਕਾਂ ਧਸ ਗਈਆਂ ਅਤੇ ਕਈ ਥਾਵਾਂ 'ਤੇ ਦਰੱਖਤ ਅਤੇ ਮਕਾਨ ਡਿੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਭਾਰੀ ਮੀਂਹ ਕਾਰਨ ਸੜਕ ਅਤੇ ਰੇਲ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮੌਸਮ ਵਿਭਾਗ ਦੀ ਅਤਿ ਭਾਰੀ ਮੀਂਹ ਦੀ ਚੇਤਾਵਨੀ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ। ਰੇਲਵੇ ਟਰੈਕਾਂ 'ਤੇ ਪਾਣੀ ਭਰਨ ਕਾਰਨ ਪੱਛਮੀ ਰੇਲਵੇ ਲਾਈਨ 'ਤੇ ਨਲਾਸੋਪਾਰਾ ਅਤੇ ਵਿਰਾਰ ਵਿਚਕਾਰ ਰੇਲ ਸੇਵਾਵਾਂ ਕਾਫੀ ਪੱਛੜ ਗਈਆਂ। ਹਵਾਈ ਅੱਡੇ 'ਤੇ ਘੱਟ ਦਿਸਣ ਹੱਦ ਅਤੇ ਖਰਾਬ ਮੌਸਮ ਕਾਰਨ ਮੁੰਬਈ ਆਉਣ ਵਾਲੀਆਂ 5 ਉਡਾਣਾਂ ਨੂੰ ਨੇੜਲੇ ਹਵਾਈ ਅੱਡਿਆਂ ਜਿਵੇਂ ਸੂਰਤ ਅਤੇ ਅਹਿਮਦਾਬਾਦ ਵੱਲ ਮੋੜਨਾ ਪਿਆ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਵਜ੍ਹਾ ਯਾਤਰਾ ਕਰਨ ਤੋਂ ਬਚਣ। ਦੂਜੇ ਪਾਸੇ ਬੰਗਾਲ ਦੀ ਖਾੜੀ ਵਿੱਚ ਬਣੇ ਘੱਟ ਦਬਾਅ ਦੇ ਖੇਤਰ ਦੇ ਮਜ਼ਬੂਤ ਹੋਣ ਕਾਰਨ ਓਡੀਸ਼ਾ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਮੀਂਹ ਨਾਲ ਜੂਝ ਰਿਹਾ ਹੈ। ਭਾਰਤ ਮੌਸਮ ਵਿਭਾਗ (ਿਧ) ਨੇ ਰਾਜ ਦੇ ਪੰਜ ਜ਼ਿਲ੍ਹਿਆਂ, ਕਾਲਾਹਾਂਡੀ, ਬੌਧ, ਅੰਗੁਲ, ਸੰਬਲਪੁਰ ਅਤੇ ਸੋਨਪੁਰ ਲਈ 'ਰੈੱਡ ਅਲਰਟ' ਜਾਰੀ ਕੀਤਾ ਹੈ, ਜਿੱਥੇ ਅਲੱਗ-ਅਲੱਗ ਥਾਵਾਂ 'ਤੇ ਬਹੁਤ ਜ਼ਿਆਦਾ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਭੁਵਨੇਸ਼ਵਰ ਮੌਸਮ ਵਿਗਿਆਨ ਕੇਂਦਰ ਦੀ ਡਾਇਰੈਕਟਰ ਮਨੋਰਮਾ ਮੋਹੰਤੀ ਨੇ ਚੇਤਾਵਨੀ ਦਿੰਦਿਆਂ ਕਿਹਾ, ''ਰੈੱਡ ਅਲਰਟ ਵਾਲੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਬਹੁਤ ਜ਼ਿਆਦਾ ਭਾਰੀ ਮੀਂਹ ਪੈਣ ਦੀ ਉਮੀਦ ਹੈ।

## ਕਰਾਚੀ ਦੇ ਸ਼ਾਪਿੰਗ ਪਲਾਜ਼ਾ ਅੱਗ ਮਾਮਲਾ : 11 ਸਾਲ ਦੇ ਬੱਚੇ 'ਤੇ ਚੱਲੇਗਾ ਕੇਸ, 72 ਲੋਕਾਂ ਦੀ ਹੋਈ ਸੀ ਮੌਤ

**ਕਰਾਚੀ :** ਪਾਕਿਸਤਾਨ ਦੇ ਕਰਾਚੀ ਵਿੱਚ ਇੱਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ । ਪੁਲਿਸ ਵੱਲੋਂ ਦਾਇਰ ਕੀਤੀ ਗਈ ਚਾਰਜਸ਼ੀਟ ਵਿੱਚ ਇੱਕ 11 ਸਾਲ ਦੇ ਮਾਸੂਮ ਬੱਚੇ ਨੂੰ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਮਾਮਲਾ ਇਸੇ ਸਾਲ ਜਨਵਰੀ ਵਿੱਚ ਇੱਕ ਸ਼ਾਪਿੰਗ ਕੰਪਲੈਕਸ ਵਿੱਚ ਲੱਗੀ ਭਿਆਨਕ ਅੱਗ ਨਾਲ ਸੰਬੰਧਿਤ ਹੈ, ਜਿਸ ਵਿੱਚ 72 ਲੋਕਾਂ ਦੀ ਜਾਨ ਚਲੀ ਗਈ ਸੀ। ਇਹ ਦਰਦਨਾਕ ਹਾਦਸਾ 17 ਜਨਵਰੀ ਨੂੰ ਕਰਾਚੀ ਦੇ ਮਸ਼ਹੂਰ ਐਮ ਏ ਜਿੰਨਾਹ ਸੜਕ 'ਤੇ ਸਥਿਤ 'ਗੁਲ ਪਲਾਜ਼ਾ' ਵਿੱਚ ਵਾਪਰਿਆ ਸੀ । ਚਾਰਜਸ਼ੀਟ ਮੁਤਾਬਕ ਇਹ ਬੱਚਾ ਆਪਣੇ ਪਿਤਾ ਦੀ ਗੈਰ-ਹਾਜ਼ਰੀ ਵਿੱਚ ਉੱਥੇ ਨਕਲੀ ਫੁੱਲਾਂ ਦੀ ਦੁਕਾਨ ਸੰਭਾਲ ਰਿਹਾ ਸੀ । ਗਵਾਹਾਂ ਦੇ ਬਿਆਨਾਂ ਅਨੁਸਾਰ ਉਹ ਦੁਕਾਨ ਵਿੱਚ ਮਾਚਿਸ ਦੀਆਂ ਤੀਲੀਆਂ ਨਾਲ ਖੇਡ ਰਿਹਾ ਸੀ, ਜਿਸ ਕਾਰਨ ਅਚਾਨਕ ਅੱਗ ਭੜਕ ਗਈ । ਇਸ ਅੱਗ ਨੂੰ ਬੁਝਾਉਣ ਲਈ ਫਾਇਰ ਬ੍ਰਿਗੇਡ ਦੀਆਂ ਟੀਮਾਂ ਨੂੰ ਪੂਰਾ ਇੱਕ ਹਫ਼ਤਾ ਲੱਗ ਗਿਆ ਸੀ।



ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਡਿਸਟ੍ਰਿਕਟ ਪ੍ਰੌਸੀਕਿਊਟਰ ਅਬਦੁਲ ਰੱਜ਼ਾਕ ਗੁੱਜਰ ਨੇ ਕਿਹਾ ਕਿ ਬੱਚੇ 'ਤੇ ਅਦਾਲਤ ਵਿੱਚ ਚਾਰਜਸ਼ੀਟ ਵਿੱਚ ਨਾਮਜ਼ਦ ਹੋਰਾਂ ਲੋਕਾਂ ਦੇ ਨਾਲ ਹੀ ਕੇਸ ਚਲਾਇਆ ਜਾਵੇਗਾ । ਇਸ ਚਾਰਜਸ਼ੀਟ ਵਿੱਚ ਬੱਚੇ ਦੇ ਪਿਤਾ ਅਤੇ ਗੁਲ ਪਲਾਜ਼ਾ ਪ੍ਰਬੰਧਕ ਕਮੇਟੀ ਦੇ ਚਾਰ ਹੋਰ ਮੈਂਬਰਾਂ ਸਮੇਤ ਪੰਜ ਹੋਰ ਲੋਕਾਂ ਨੂੰ ਵੀ ਮੁਲਜ਼ਮ ਬਣਾਇਆ ਗਿਆ ਹੈ, ਜੋ ਹਾਦਸੇ ਦੇ ਬਾਅਦ ਤੋਂ ਹੀ ਫ਼ਰਾਰ ਹਨ। ਇਸ ਭਿਆਨਕ ਅੱਗ ਵਿੱਚ 72 ਮੌਤਾਂ ਤੋਂ ਇਲਾਵਾ 8 ਲੋਕ ਜ਼ਖਮੀ ਹੋਏ ਸਨ ਅਤੇ ਲਗਭਗ 1,153 ਦੁਕਾਨਾਂ ਸੜ ਕੇ ਸੁਆਹ ਹੋ ਗਈਆਂ ਸਨ।

## ਇੰਸਟਾਗ੍ਰਾਮ ਇਸ਼ਤਿਹਾਰਾਂ 'ਚ ਇਤਰਾਜ਼ਯੋਗ ਸਮੱਗਰੀ ਨੂੰ ਲੈ ਕੇ ਮੈਟਾ ਨੂੰ ਨੋਟਿਸ ਜਾਰੀ

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਸੋਸ਼ਲ ਮੀਡੀਆ ਦਿੱਗਜ ਕੰਪਨੀ ਮੈਟਾ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ ਇੰਸਟਾਗ੍ਰਾਮ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸਬੰਧਤ ਇਤਰਾਜ਼ਯੋਗ ਸਮੱਗਰੀ (CSEAM) ਨੂੰ ਉਤਸ਼ਾਹਿਤ ਕਰਨ ਵਾਲੇ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਇੱਕ ਸਖ਼ਤ ਨੋਟਿਸ ਜਾਰੀ ਕੀਤਾ ਹੈ। ਸੂਤਰਾਂ ਮੁਤਾਬਕ, ਇਹ ਨੋਟਿਸ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਵੱਲੋਂ ਜਾਰੀ ਕੀਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ, ''ਮੰਤਰਾਲੇ ਨੇ ਇੰਸਟਾਗ੍ਰਾਮ ਨੂੰ ਉਹਨਾਂ ਸਾਰੇ ਇਸ਼ਤਿਹਾਰਾਂ ਅਤੇ ਸਮੱਗਰੀ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਦਿੱਤਾ ਹੈ ਜੋ CSEAM ਨੂੰ ਉਤਸ਼ਾਹਿਤ ਕਰਦੇ ਹਨ ਜਾਂ ਉਸ ਤੱਕ ਪਹੁੰਚ ਆਸਾਨ ਬਣਾਉਂਦੇ ਹਨ।'' ਇਹ ਕਦਮ ਆਈ.ਟੀ. ਮੰਤਰੀ ਅਸ਼ਵਨੀ ਵੈਸ਼ਨਵ ਦੇ ਉਸ ਹੁਕਮ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ




ਅਧਿਕਾਰੀਆਂ ਨੂੰ ਮੈਟਾ ਦੇ ਪ੍ਰਤੀਨਿਧੀਆਂ ਨੂੰ ਤਲਬ ਕਰਨ ਲਈ ਕਿਹਾ ਸੀ। ਸਰਕਾਰ ਨੇ ਕੰਪਨੀ ਕੋਲੋਂ ਇਸ ਸਬੰਧੀ 7 ਦਿਨਾਂ ਦੇ ਅੰਦਰ ਵਿਸਤ੍ਰਿਤ ਸਪੱਸ਼ਟੀਕਰਨ ਮੰਗਿਆ ਹੈ। ਇਹ ਸਾਰਾ ਮਾਮਲਾ ਇੱਕ ਭਭਛ ਦੀ ਜਾਂਚ ਰਿਪੋਰਟ ਤੋਂ ਬਾਅਦ ਭਖਿਆ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਮੈਟਾ ਦਾ ਸਲਾਹ ਦੇਣ ਵਾਲਾ ਐਲਗੋਰਿਦਮ ਅਜਿਹੀਆਂ ਵੀਡੀਓਜ਼ ਨੂੰ ਪ੍ਰਮੋਟ ਕਰ ਰਿਹਾ ਸੀ। ਇੰਸਟਾਗ੍ਰਾਮ 'ਤੇ 'ਰੇਪ ਵੀਡੀਓ' ਅਤੇ 'ਚਾਈਲਡ ਵੀਡੀਓ' ਵਰਗੇ ਸ਼ਬਦਾਂ ਵਾਲੇ ਇਸ਼ਤਿਹਾਰ ਚੱਲ ਰਹੇ ਸਨ, ਜੋ ਉਪਭੋਗਤਾਵਾਂ ਨੂੰ ਟੈਲੀਗ੍ਰਾਮ ਚੈਨਲਾਂ ਵੱਲ ਲੈ ਜਾਂਦੇ ਸਨ। ਇਸ ਮਾਮਲੇ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਸਰਕਾਰੀ ਸੂਤਰਾਂ ਨੇ ਸਪੱਸ਼ਟ ਕੀਤਾ, ''ਜੇਕਰ ਇਹ ਦੋਸ਼ ਸੱਚੇ ਪਾਏ ਜਾਂਦੇ ਹਨ, ਤਾਂ ਮੈਟਾ ਨੂੰ ਇਹਨਾਂ ਵਿਗਿਆਪਨਾਂ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ, ਕਿਉਂਕਿ ਪਲੇਟਫਾਰਮ ਇਸ ਤੋਂ ਕਮਾਈ ਕਰਦਾ ਹੈ।'' ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਕੋਈ ਵੀ ਵਿਚੋਲਾ ਪਲੇਟਫਾਰਮ 'ਤੀਜੀ-ਧਿਰ ਦੀ ਸਮੱਗਰੀ' ਦਾ ਬਹਾਨਾ ਬਣਾ ਕੇ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦਾ। ਦੱਸ ਦੇਈਏ ਕਿ ਮੈਟਾ ਇਸ ਹਫ਼ਤੇ ਦੂਜੀ ਵਾਰ ਸਰਕਾਰ ਦੇ ਨਿਸ਼ਾਨੇ 'ਤੇ ਆਈ ਹੈ। ਇਸ ਤੋਂ ਪਹਿਲਾਂ ਵਟਸਐਪ ਦੇ ਆਉਣ ਵਾਲੇ 'ਯੂਜ਼ਰਨੇਮ' ਫੀਚਰ ਨੂੰ ਲੈ ਕੇ ਵੀ ਸਰਕਾਰ ਨੇ ਸਾਈਬਰ ਧੋਖਾਧੜੀ ਦੇ ਖ਼ਦਸ਼ੇ ਕਾਰਨ ਨੋਟਿਸ ਜਾਰੀ ਕਰ ਕੇ ਇਸ ਫੀਚਰ ਨੂੰ ਫਿਲਹਾਲ ਰੋਕਣ ਲਈ ਕਿਹਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੈਟਰੋਲ 'ਚ ਇਥਾਨੌਲ ਮਿਲਾਉਣ ਨੂੰ ਲੈ ਕੇ ਹੋ ਰਹੇ ਵਿਰੋਧ 'ਤੇ ਬੋਲੀ ਸਰਕਾਰ




**ਨਵੀਂ ਦਿੱਲੀ :** ਪੈਟਰੋਲ ਵਿੱਚ ਇਥਾਨੌਲ ਮਿਲਾਉਣ ਨੂੰ ਲੈ ਕੇ ਹੋ ਰਹੇ ਵਿਰੋਧ ਦੇ ਵਿਚਕਾਰ ਸ਼ਨੀਵਾਰ ਨੂੰ ਸਰਕਾਰ ਨੇ ਕਿਹਾ ਕਿ ਇਥਾਨੌਲ ਬਲੈਂਡਿੰਗ (ਮਿਸ਼ਰਣ) ਦਾ ਕੰਮ ਰਾਤੋ-ਰਾਤ ਨਹੀਂ ਹੋਇਆ। ਇਹ ਇੱਕ ਜਾਂਚੀ-ਪਰਖੀ, ਵਿਗਿਆਨਕ (ਸਾਇੰਟਿਫਿਕ) ਅਤੇ ਪੜਾਅਵਾਰ ਪ੍ਰਕਿਰਿਆ ਹੈ । ਇਸ ਨੂੰ ਪੈਟਰੋਲ ਵਿੱਚ ਮਿਲਾਉਣ ਲਈ ਵਿਸ਼ਵ ਪੱਧਰੀ ਤਰੀਕਾ ਅਪਣਾਇਆ ਗਿਆ ਹੈ ਅਤੇ ਚੋਟੀ ਦੀਆਂ ਏਜੰਸੀਆਂ ਵੀ ਇਸ ਦਾ ਟੈਸਟ ਕਰ ਚੁੱਕੀਆਂ ਹਨ। ਇਥਾਨੌਲ ਬਲੈਂਡਿੰਗ 'ਤੇ ਦਿੱਲੀ ਵਿੱਚ ਹੋਈ ਇੰਡਸਟਰੀ ਐਕਸਪਰਟਸ ਦੀ ਪ੍ਰੈੱਸ ਕਾਨਫਰੰਸ ਵਿੱਚ ਸਰਕਾਰ ਵੱਲੋਂ ਸ਼ਾਮਲ ਮਾਹਰ (ਐਕਸਪਰਟ) ਵਰਤਿਕਾ ਸ਼ੁਕਲਾ ਨੇ ਇਹ ਗੱਲ ਕਹੀ । ਵਰਤਿਕਾ ਸ਼ੁਕਲਾ ਨੇ ਦੱਸਿਆ ਕਿ ਦੇਸ਼ ਵਿੱਚ ਸਾਲ 2013 ਅਤੇ 2014 ਦੌਰਾਨ ਪੈਟਰੋਲ ਵਿੱਚ ਸਿਰਫ਼ 1.5% ਇਥੇਨੌਲ ਮਿਲਾਇਆ ਜਾ ਰਿਹਾ ਸੀ। ਹੁਣ ਇਸ ਪ੍ਰੋਗਰਾਮ ਤਹਿਤ ਪੈਟਰੋਲ ਵਿੱਚ 20% ਇਥੇਨੌਲ ਬਲੈਂਡਿੰਗ (ਓ20) ਕੀਤੀ ਜਾ ਰਹੀ ਹੈ। 20% ਇਥੇਨੌਲ ਬਲੈਂਡਿੰਗ ਦੇ ਟੀਚੇ ਨੂੰ ਤੈਅ ਸਮੇਂ ਤੋਂ ਪੰਜ ਸਾਲ ਪਹਿਲਾਂ ਯਾਨੀ ਦਸੰਬਰ 2025 ਤੱਕ ਹੀ ਪੂਰਾ ਕਰ ਲਿਆ ਗਿਆ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭੂਟਾਨ ਦਾ ਭਾਰਤ ਤੋਂ ਈ-20 ਪੈਟਰੋਲ ਲੈਣ ਤੋਂ ਇਨਕਾਰ

**ਨਵੀਂ ਦਿੱਲੀ :** ਭਾਰਤ ਸਰਕਾਰ ਦੇ ਈ-20 ਪੈਟਰੌਲ ਦੇ ਫ਼ੈਸਲੇ ’ਤੇ ਜਿੱਥੇ ਦੇਸ਼ ਭਰ ਵਿਚ ਵਿਵਾਦ ਅਤੇ ਵਿਰੋਧ ਚੱਲ ਰਿਹਾ ਹੈ, ਉਥੇ ਹੀ ਗੁਆਂਢੀ ਦੇਸ਼ ਭੂਟਾਨ ਨੇ ਭਾਰਤੀ ਤੇਲ ਕੰਪਨੀਆਂ ਦੇ ਈ-20 ਪੈਟਰੌਲ ਨੂੰ ਲੈਣ ਤੋਂ ਮਨ੍ਹਾਂ ਕਰ ਦਿੱਤਾ ਹੈ । ਇਕ ਰਿਪੋਰਟ ਮੁਤਾਬਕ ਭੂਟਾਨ ਨੇ ਭਾਰਤ ਨੂੰ ਬੇਨਤੀ ਕੀਤੀ ਐ ਕਿ ਜਦੋਂ ਤੱਕ ਭਾਰਤੀ ਬਜ਼ਾਰ ਵਿਚ ਨੌਰਮਲ ਪੈਟਰੌਲ ਉਪਲਬਧ ਐ, ਉਦੋਂ ਤੱਕ ਉਨ੍ਹਾਂ ਨੂੰ ਬਿਨਾਂ ਮਿਲਾਵਟ ਵਾਲਾ ਪੁਰਾਣਾ ਪੈਟਰੌਲ ਹੀ ਸਪਲਾਈ ਕੀਤਾ ਜਾਵੇ।

**ਕੀ ਕਹਿੰਦੇ ਹਨ ਭੂਟਾਨੀ ਅਧਿਕਾਰੀ?**

‘‘ਦੇਸ਼ ਦਾ ਫਿਊਲ ਸਟੋਰੇਜ਼ ਢਾਂਚਾ ਕਾਫ਼ੀ ਪੁਰਾਣਾ ਏ। ਪੈਟਰੌਲ ਪੰਪਾਂ ਦੇ ਫਿਊਲ ਟੈਂਕ ਜ਼ਮੀਨ ਦੇ ਹੇਠਾਂ ਬਣੇ ਹੋਏ ਨੇ, ਜਿਨ੍ਹਾਂ ਵਿਚ ਪਾਣੀ ਰਿਸਣ ਯਾਨੀ ਸੀਪੇਜ਼ ਦਾ ਖ਼ਤਰਾ ਰਹਿੰਦਾ ਏ। ਨੌਰਮਲ ਪੈਟਰੌਲ ਦੇ ਮੁਕਾਬਲੇ ਈਥੇਨੌਲ ਬਲੈਂਡਡ ਈ-20 ਪੈਟਰੌਲ ਵਿਚ ਹਾਈਡ੍ਰੋਕ੍ਰਿਸਲ ਗਰੁੱਪ ਹੁੰਦਾ ਏ ਜੋ ਹਵਾ ਜਾਂ ਆਸਪਾਸ ਦੀ ਨਮੀ ਨੂੰ ਬਹੁਤ ਤੇਜ਼ੀ ਨਾਲ ਸੋਖਦਾ ਏ। ਜੇਕਰ ਈ-20 ਪੈਟਰੌਲ ਨੂੰ ਅਜਿਹੇ ਟੈਂਕਾਂ ’ਚ ਰੱਖਿਆ ਜਾਵੇ ਜਿੱਥੇ ਪਾਣੀ ਦਾ ਰਿਸਾਅ ਹੋਵੇ ਤਾਂ ਪੈਟਰੌਲ ਵਿਚ ਪਾਣੀ ਮਿਲ ਜਾਵੇਗਾ, ਜਿਸ ਨੂੰ ਪੈਟਰੌਲ ਤੋਂ ਵੱਖ ਕਰਨਾ ਬੇਹੱਦ ਮੁਸ਼ਕਲ ਹੁੰਦਾ ਏ। ਇਸ ਤੋਂ ਇਲਾਵਾ ਤੇਲ ਟੈਂਕਾਂ ਅਤੇ ਪਾਈਪਲਾਈਨਾਂ ਵਿਚ ਜੰਗ ਲੱਗਣ ਦਾ ਖ਼ਤਰਾ ਵੀ ਵਧ ਜਾਂਦਾ ਏ, ਜਿਸ ਨਾਲ ਗੱਡੀਆਂ ਦੇ ਇੰਜਣ ਵੀ ਖ਼ਰਾਬ ਹੋ ਸਕਦੇ ਨੇ।’’

ਦਰਅਸਲ ਭੂਟਾਨ ਦਾ ਇਲਾਕਾ ਪੂਰੀ ਤਰ੍ਹਾਂ ਪਹਾੜੀ ਅਤੇ ਉਚਾ ਨੀਂਵਾਂ ਏ। ਅਜਿਹੀ ਚੜ੍ਹਾਈ ਵਾਲੇ ਰਸਤਿਆਂ ’ਤੇ ਗੱਡੀਆਂ ਨੂੰ ਚੱਲਣ ਦੇ ਲਈ ਮੈਕਸੀਮਮ ਪਾਵਰ ਯਾਨੀ ਜ਼ਿਆਦਾ ਤਾਕਤ ਦੀ ਲੋੜ ਹੁੰਦੀ ਐ। ਭੂਟਾਨੀ ਅਧਿਕਾਰੀਆਂ ਨੂੰ ਡਰ ਐ ਕਿ ਈਥੇਨੌਲ ਮਿਲਿਆ ਹੋਇਆ ਪੈਟਰੌਲ ਪਹਾੜੀ ਰਸਤਿਆਂ ’ਤੇ ਗੱਡੀਆਂ ਨੂੰ ਉਹ ਪ੍ਰਫਾਰਮੈਂਸ ਅਤੇ ਪਾਵਰ ਨਹੀਂ ਦੇ ਸਕੇਗਾ ਜੋ ਨੌਰਮਲ ਪੈਟਰੌਲ ਦਿੰਦਾ ਏ। ਜੇਕਰ ਭੂਟਾਨ ਦੀ ਗੱਲ ਕੀਤੀ ਜਾਵੇ ਤਾਂ :

**ਭੂਟਾਨ ਨੂੰ ਕਿਵੇਂ ਪਤਾ ਚੱਲੇਗੀ ਮਿਲਾਵਟ?**




ਭੂਟਾਨ ਅਪਣੀ ਜ਼ਰੂਰਤ ਦਾ ਪੂਰਾ ਈਂਧਣ ਭਾਰਤ ਤੋਂ ਹੀ ਖ਼ਰੀਦਦਾ ਏ। ਫਿਲਹਾਲ ਭੂਟਾਨ ਭਾਰਤ ਤੋਂ ਮਹਿੰਗੇ ਅਤੇ ਹਾਈ ਐਕਸਪੋਰਟ ਕੁਆਲਟੀ ਵਾਲੇ ਪੈਟਰੌਲ-ਡੀਜ਼ਲ ਦੀ ਖ਼ਰੀਦ ਕਰਦਾ ਏ, ਜੋ ਭਾਰਤੀ ਪੈਟਰੌਲ ਪੰਪਾਂ ’ਤੇ ਮਿਲਣ ਵਾਲੇ ਤੇਲ ਤੋਂ ਜ਼ਿਆਦਾ ਸ਼ੁੱਧ ਅਤੇ ਮਹਿੰਗਾ ਹੁੰਦਾ ਏ। ਜੇਕਰ ਭਾਰਤ ਗ਼ਲਤੀ ਨਾਲ ਈ20 ਪੈਟਰੌਲ ਭੂਟਾਨ ਭੇਜ ਵੀ ਦਿੰਦਾ ਏ ਤਾਂ ਉਸ ਨੂੰ ਆਸਾਨੀ ਨਾਲ ਫੜਿਆ ਜਾ ਸਕਦਾ ਏ। ਈਥੇਨੌਲ ਵਾਲੇ ਪੈਟਰੌਲ ’ਚ ਥੋੜ੍ਹਾ ਜਿਹਾ ਵੀ ਪਾਣੀ ਮਿਲਦੇ ਹੀ ਉਸ ਦਾ ਰੰਗ ਦੁਧੀਆ ਹੋ ਜਾਂਦਾ ਏ, ਜਿਸ ਨਾਲ ਟੈਸਟ ਦੌਰਾਨ ਤੁਰੰਤ ਪਕੜ ਵਿਚ ਆ ਜਾਵੇਗਾ।

ਦਰਅਸਲ ਭਾਰਤ ਵਿਚ 20 ਫ਼ੀਸਦ ਈਥੇਨੌਲ ਅਤੇ 80 ਫ਼ੀਸਦ ਪੈਟਰੌਲ ਦੇ ਇਸ ਮਿਸ਼ਰਣ ਈ20 ਦਾ ਵਿਰੋਧ ਹੋ ਰਿਹਾ ਏ। ਖ਼ਾਸ ਕਰਕੇ 2023 ਤੋਂ ਪਹਿਲਾਂ ਬਣੀਆਂ ਪੈਟਰੌਲ ਗੱਡੀਆਂ ਦੇ ਮਾਲਕ ਪਰੇਸ਼ਾਨ ਹੋ ਰਹੇ ਨੇ। ਉਨ੍ਹਾਂ ਦਾ ਦਾਅਵਾ ਏ ਕਿ ਇਸ ਤੇਲ ਨਾਲ ਗੱਡੀਆਂ ਦੀ ਮਾਈਲੇਜ਼ ਘੱਟ ਹੋ ਰਹੀ ਐ, ਮੈਂਟੇਨੈਂਸ ਦਾ ਖ਼ਰਚਾ ਵਧ ਗਿਆ ਏ ਅਤੇ ਇੰਜਣ ਦੇ ਪਾਰਟਸ ਜਲਦੀ ਖ਼ਰਾਬ ਹੋ ਰਹੇ ਨੇ। ਹਾਲਾਂਕਿ ਭਾਰਤ ਸਰਕਾਰ ਦਾ ਕਹਿਣਾ ਏ ਕਿ ਈਥੇਨੌਲ ਨਾਲ ਮਾਈਲੇਜ਼ ’ਚ ਮਾਮੂਲੀ ਕਮੀ ਜ਼ਰੂਰ ਆਉਂਦੀ ਐ ਪਰ ਇਸ ਨਾਲ ਗੱਡੀ ਦੀ ਪਿਕਅੱਪ ਅਤੇ ਇੰਜਣ ਪ੍ਰਫਾਰਮੈਂਸ ਬਿਹਤਰ ਹੁੰਦੀ ਐ।

ਆਖ਼ਰਕਾਰ ਇਹ ਈਥੇਨੌਲ ਕੀ ਐ,, ਅਤੇ ਇਹ ਕਿਵੇਂ ਤਿਆਰ ਕੀਤਾ ਜਾਂਦੈ,,,ਹੁਣ ਜ਼ਰ੍ਹਾ ਇਸ ’ਤੇ ਵੀ ਇਕ ਝਾਤ ਮਾਰ ਲੈਨੇ ਆਂ।

**ਈਥੇਨੌਲ ਕੀ ਹੁੰਦਾ ਹੈ?**

ਈਥੇਨੌਲ ਇਕ ਤਰ੍ਹਾਂ ਦਾ ਅਲਕੋਹਲ ਐ, ਜੋ ਗੰਨਾ, ਮੱਕੀ, ਚੌਲ, ਕਣਕ ਵਰਗੀਆਂ ਫ਼ਸਲਾਂ ਦੀ ਪ੍ਰੋਸੈਸਿੰਗ ਨਾਲ ਬਣਦਾ ਏ। ਇਹ ਜਲਣਸ਼ੀਲ ਹੁੰਦਾ ਏ, ਇਸ ਕਰਕੇ ਈਂਧਣ ਵਜੋਂ ਪੈਟਰੌਲ ਵਿਚ ਮਿਲਾ ਕੇ ਵਰਤਿਆ ਜਾਂਦਾ ਏ। ਈ-10 ਪੈਟਰੌਲ ’ਚ 10 ਫ਼ੀਸਦ ਈਥੇਨੌਲ, ਈ-20 ਪੈਟਰੌਲ ’ਚ 20 ਫ਼ੀਸਦ ਈਥੇਨੌਲ ਅਤੇ ਈ-85 ਪੈਟਰੌਲ ’ਚ 85 ਫ਼ੀਸਦ ਈਥੇਨੌਲ ਹੁੰਦਾ ਏ।

**ਈਥੇਨੌਲ ਕਿਵੇਂ ਬਣਦਾ ਹੈ?**

ਗੰਨੇ ਦੇ ਰਸ ਨੂੰ ਕੱਢਿਆ ਜਾਂਦਾ ਏ। ਇਸ ਵਿਚ ਕੁਦਰਤੀ ਸ਼ੂਗਰ ਹੁੰਦੀ ਐ। ਫਿਰ ਇਸ ਨੂੰ ਫਰਮੈਂਟੇਸ਼ਨ ਟੈਂਕ ਵਿਚ ਪਾ ਕੇ ਯੀਸਟ ਮਿਲਾਇਆ ਜਾਂਦਾ ਹੈ। ਮਿਕਚਰ ਅਲਕੋਹਲ ਅਤੇ ਕਾਰਬਨ ਡਾਈਆਕਸਾਈਡ ਵਿਚ ਬਦਲ ਜਾਂਦਾ ਏ। ਫਿਰ ਇਸ ਨੂੰ ਗਰਮ ਕਰਕੇ ਪਾਣੀ ਵੱਖ ਕੀਤਾ ਜਾਂਦਾ ਏ। ਇਸ ਪ੍ਰਕਿਰਿਆ ਨਾਲ 95 ਫ਼ੀਸਦ ਸ਼ੁੱਧ ਅਲਕੋਹਲ ਮਿਲਦਾ ਏ। ਈਂਧਣ ਦੇ ਲਈ 0.5 ਫ਼ੀਸਦ ਪਾਣੀ ਵੀ ਨਹੀਂ ਹੋਣਾ ਚਾਹੀਦਾ। ਇਸ ਤੋਂ ਬਾਅਦ ਮਾਲਿਕਿਊਲਰ ਸਿਵ ਦੇ ਜ਼ਰੀਏ ਈਥੇਨੌਲ ਤੋਂ ਪਾਣੀ ਦੇ ਅਣੂਆਂ ਨੂੰ ਪੂਰੀ ਤਰ੍ਹਾਂ ਅਲੱਗ ਕੀਤਾ ਜਾਂਦਾ ਏ। ਫਿਰ ਪਾਰਦਰਸ਼ੀ ਤਰਲ ਪਦਾਰਥ ਈਥੇਨੌਲ ਤਿਆਰ ਹੋ ਜਾਂਦਾ ਏ। ਇਸ ਤੋਂ ਬਾਅਦ ਆਇਲ ਡਿਪੂ ਵਿਚ ਪੈਟਰੌਲ ਅਤੇ ਈਥੇਨੌਲ ਕੰਪਿਊਟਰ ਜ਼ਰੀਏ ਸੈੱਟ ਕੀਤੇ ਅਨੁਪਾਤ ਵਿਚ ਮਿਕਸ ਕੀਤਾ ਜਾਂਦੈ। ਦੱਸ ਦਈਏ ਕਿ ਭੂਟਾਨ ਸਰਕਾਰ ਨੇ ਭਾਰਤੀ ਤੇਲ ਕੰਪਨੀਆਂ ਨੂੰ ਆਖਿਆ ਏ ਕਿ ਜੇਕਰ ਉਹ ਭਵਿੱਖ ਵਿਚ ਈਥੇਨੌਲ ਦਾ ਬਲੈਂਡਿੰਗ ਫ਼ੀਸਦ ਵਧਾਉਂਦੇ ਨੇ ਜਾਂ ਪੂਰੀ ਤਰ੍ਹਾਂ ਈਥੇਨੌਲ ਪੈਟਰੌਲ ਹੀ ਸਪਲਾਈ ਕਰਨ ਦਾ ਫ਼ੈਸਲਾ ਕਰਦੇ ਨੇ ਤਾਂ ਇਸ ਦੀ ਜਾਣਕਾਰੀ ਪਹਿਲਾਂ ਤੋਂ ਦੇਣੀ ਹੋਵੇਗੀ। ਇਸ ਦੇ ਨਾਲ ਹੀ ਭੂਟਾਨ ਸਰਕਾਰ ਵੱਲੋਂ ਭਾਰਤ ਨੂੰ ਲੀਕ ਪਰੂਫ਼ ਟੈਂਕ ਵੀ ਉਪਲਬਧ ਕਰਵਾਉਣ ਦੀ ਬੇਨਤੀ ਕੀਤੀ ਗਈ ਐ।

# ਪਦਮ ਵਿਭੂਸ਼ਣ ਪੰਡਵਾਨੀ ਗਾਇਕਾ ਤੀਜਨ ਬਾਈ ਦਾ ਦੇਹਾਂਤ

**ਨਵੀਂ ਦਿ.ਲੀ।** ਛੱਤੀਸਗੜ੍ਹ ਦੀ ਲੋਕ ਕਲਾ ਅਤੇ ਪੰਡਵਾਨੀ ਗਾਇਕੀ ਪਰੰਪਰਾ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਵਾਲੇ ਪਦਮ ਵਿਭੂਸ਼ਣ ਡਾ. ਤੀਜਨ ਬਾਈ ਦਾ ਦੇਹਾਂਤ ਹੋ ਗਿਆ ਹੈ। ਉਹ 70 ਸਾਲਾਂ ਦੇ ਸਨ। ਉਨ੍ਹਾਂ ਨੇ ਅੱਜ ਸਵੇਰੇ 3:15 ਵਜੇ ਏਮਜ਼ ਰਾਏਪੁਰ ਵਿਖੇ ਆਖਰੀ ਸਾਹ ਲਿਆ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਤੀਜਨ ਬਾਈ ਨੇ ਆਪਣੀ ਸ਼ਕਤੀਸ਼ਾਲੀ ਆਵਾਜ਼, ਪ੍ਰਭਾਵਸ਼ਾਲੀ ਅਦਾਕਾਰੀ ਅਤੇ ਵਿਲੱਖਣ ਪ੍ਰਦਰਸ਼ਨ ਸ਼ੈਲੀ ਰਾਹੀਂ ਪੰਡਵਾਨੀ ਨੂੰ ਸਿਰਫ਼ ਦੇਸ਼ ਦੇ ਅੰਦਰ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇੱਕ ਨਵੀਂ ਪਛਾਣ ਦਿਵਾਈ। ਉਸ ਨੇ ਆਪਣੇ ਨਾਨਾ ਜੀ ਤੋਂ ਮਹਾਭਾਰਤ ਦੀਆਂ ਕਹਾਣੀਆਂ ਸੁਣਾਉਣ ਦੀ ਪ੍ਰੇਰਨਾ ਲਈ। ਭਾਰਤੀ ਲੋਕ ਕਲਾ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਲਈ ਉਨ੍ਹਾਂ ਨੂੰ ਪਦਮ ਸ਼੍ਰੀ, ਪਦਮ ਭੂਸ਼ਣ ਅਤੇ ਪਦਮ ਵਿਭੂਸ਼ਣ ਦੇਸ਼ ਦੇ ਦੂਜੇ ਸਭ ਤੋਂ ਉੱਚੇ ਨਾਗਰਿਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਅੱਜ ਉਨ੍ਹਾਂ ਦੇ ਜੱਦੀ ਪਿੰਡ, ਗਨੀਆਰੀ ਵਿੱਚ ਕੀਤਾ ਜਾਵੇਗਾ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਜਨ ਬਾਈ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਯ 'ਤੇ ਲਿਖਿਆ, "ਉਨ੍ਹਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨਾਂ ਰਾਹੀਂ ਛੱਤੀਸਗੜ੍ਹ ਦੀ ਲੋਕ ਕਲਾ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਈ। ਉਨ੍ਹਾਂ ਦਾ ਦੇਹਾਂਤ ਕਲਾ ਅਤੇ ਸੱਭਿਆਚਾਰ ਦੀ ਦੁਨੀਆ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦਿਓ ਸਾਈ ਨੇ ਦੁੱਖ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਪੰਡਵਾਨੀ ਰਾਹੀਂ ਦੇਸ਼ ਦੇ ਅੰਦਰ ਅਤੇ ਵਿਦੇਸ਼ ਵਿੱਚ ਰਾਜ ਦਾ ਮਾਣ ਵਧਾਇਆ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸ਼੍ਰੀ ਗੁਰੂ ਅਰਜਨ ਦੇਵ ਦੇ ਵਿਆਹ ਪੁਰਬ ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

## ਮੈਂਬਰ ਬੀਬੀ ਕਾਲੜਾ ਨੇ ਖ਼ੂਨਦਾਨ ਕਰਨ ਵਾਲੀਆਂ ਸੰਗਤਾਂ ਨੂੰ ਕੀਤਾ ਸਨਮਾਨਿਤ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਥਾਨਕ ਇਤਿਹਾਸਕ ਗੁਰਦੁਆਰਾ ਸ਼੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹੀ ਪੰਜਵੀ, ਪਿੰਡ ਬਿਲਗਾ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਸਰਬੱਤ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 900ਵਾਂ ਮਹਾਨ ਖ਼ੂਨਦਾਨ ਕੈਂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਬਲਦੇਵ ਸਿੰਘ ਕਲਿਆਣ ਤੇ ਮੈਨੇਜਰ ਸੁਰਜੀਤ ਸਿੰਘ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ । ਇਸ ਮੌਕੇ ਤੇ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਮੈਂਬਰ ਐਸਜੀਪੀਸੀ ਬੀਬੀ ਦਵਿੰਦਰ ਕੌਰ ਕਾਲੜਾ, ਹਲਕਾ ਇੰਚਾਰਜ ਐਡਵੋਕੇਟ ਹਰਕਮਲ ਸਿੰਘ ਗਿੱਲ ਨੇ ਸਾਂਝੇ ਤੌਰ ਤੇ ਕਿਹਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਖ਼ੂਨਦਾਨ ਕੈਂਪ ਰਾਹੀਂ ਮਨੁੱਖਤਾ ਦਾ ਭਲਾ ਕਰ ਰਹੇ ਹਨ। ਮਨੁੱਖਤਾ ਦੀ ਸੇਵਾ ਪ੍ਰਮਾਤਮਾ ਦੀ ਭਗਤੀ ਹੈ । ਇਸ ਸਮੇਂ ਹਰਜਿੰਦਰ ਸਿੰਘ ਲਲੀਆਂ ਸਾਬਕਾ ਮੈਂਬਰ, ਮਹਾਂ ਸਿੰਘ ਰਸੂਲਪੁਰ, ਸ੍ਰ: ਗੁਰਦਿਆਲ ਸਿੰਘ ਕਾਲੜਾ, ਮੈਨੇਜਰ ਸੁਰਜੀਤ ਸਿੰਘ, ਹੈੱਡਗ੍ਰੰਥੀ ਭਾਈ ਜਗਵੀਰ ਸਿੰਘ ਨੇ ਖ਼ੂਨਦਾਨੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਹੈਡ ਭਾਈ ਜਗਵੀਰ ਸਿੰਘ, ਅਮਨਦੀਪ ਸਿੰਘ ਬਿਲਗਾ ਤੇ ਸਾਥੀਆਂ ਵੱਲੋਂ ਦਸਤਾਰਾਂ ਦਾ ਫਰੀ ਲੰਗਰ ਹਰਦੀਪ ਸਿੰਘ ਹੀਪਾ ਕਨੇਡਾ ਦੇ ਸਹਿਯੋਗ ਨਾਲ ਲਗਾਇਆ ਗਿਆ । ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਮਾਤਾ ਕਰਨੈਲ ਕੌਰ ਦੇ ਉੱਦਮ ਸਦਕਾ ਮਹਾਨ ਖ਼ੂਨਦਾਨ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਖ਼ੂਨਦਾਨ ਕੀਤਾ ਅਤੇ ਇੰਡਸ ਹਸਪਤਾਲ ਡਾਕਟਰ ਦੀ ਟੀਮ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਗੁਲਬਹਾਰ ਸਿੰਘ ਇੰਸਪੈਕਟਰ, ਸੁਖਜੀਵਨ ਸਿੰਘ ਇੰਸਪੈਕਟਰ, ਗੁਰਸਾਹਿਬ ਸਿੰਘ ਫਲਾਇੰਗ ਵਿਭਾਗ, ਹੈੱਡਗ੍ਰੰਥੀ ਜਗਵੀਰ ਸਿੰਘ, ਗ੍ਰੰਥੀ ਕਰਮ ਸਿੰਘ, ਗ੍ਰੰਥੀ ਬਿਕਰਮ ਸਿੰਘ, ਪਿਆਰਾ ਸਿੰਘ ਕੈਂਥ ਸਰਕਲ ਪ੍ਰਧਾਨ, ਬੀਬੀ ਰਸ਼ਪਾਲ ਕੌਰ, ਅਮਨਦੀਪ ਸਿੰਘ ਬਿਲਗਾ, ਹਰਬੰਸ ਸਿੰਘ ਫੌਜੀ, ਦਲੀਪ ਸਿੰਘ, ਗੁਰਦੀਪ ਸਿੰਘ ਗਰੇਵਾਲ, ਅਮਨਦੀਪ ਸਿੰਘ ਆਦਿ ਹਾਜ਼ਰ ਸਨ ।

# ਨੋਬਲ ਫਾਊਂਡੇਸ਼ਨ ਅਤੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਹਿਯੋਗ ਨਾਲ, ਮੋਤੀ ਨਗਰ ਭਗਤ ਸਿੰਘ ਕਲੋਨੀ ਵਿਖੇ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ

## ਕੈਂਪ ਵਿੱਚ 428 ਲੋਕਾਂ ਨੇ ਸਿਹਤ ਜਾਂਚ ਅਤੇ ਮੁਫ਼ਤ ਦਵਾਈਆਂ ਦਾ ਲਾਭ ਉਠਾਇਆ





ਲੁਧਿਆਣਾ 5 ਜੁਲਾਈ (ਕਰਨੈਲ ਸਿੰਘ ਐੱਮ.ਏ.) ਨੋਬਲ ਫਾਊਂਡੇਸ਼ਨ ਮਾਂ ਸ਼ਾਰਦਾ ਵਿਦਿਆਪੀਠ ਦੇ ਨਾਮ ਹੇਠ 30 ਸਕੂਲ ਚਲਾਉਂਦੀ ਹੈ, ਜੋ ਹਜ਼ਾਰਾਂ ਗ਼ਰੀਬ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦੀ ਹੈ। ਸੰਸਥਾ ਦਾ ਮੰਨਣਾ ਹੈ ਕਿ ਸਿੱਖਿਆ ਅਤੇ ਸਿਹਤ ਦੋਵੇਂ ਹੀ ਜੀਵਨ ਦੇ ਥੰਮ੍ਹ ਹਨ, ਅਤੇ ਇਸ ਲਈ, ਸੰਸਥਾ ਸਾਰੇ ਵਿਦਿਆਰਥੀਆਂ ਅਤੇ ਮਾਪਿਆਂ ਦੀ ਸਿਹਤ ਪ੍ਰਤੀ ਸੁਚੇਤ ਹੈ।ਪ੍ਰੋਗਰਾਮ ਦੇ ਮੁੱਖ ਮਹਿਮਾਨ ਸ਼੍ਰੀ ਗੁਲਜ਼ਾਰ ਵਾਨੀ (ਆਈ.ਆਰ.ਐਸ., ਵਧੀਕ ਕਮਿਸ਼ਨਰ, ਆਮਦਨ ਕਰ, ਲੁਧਿਆਣਾ) ਉਨ੍ਹਾਂ ਦੀ ਪਤਨੀ, ਸ਼੍ਰੀਮਤੀ ਨਗਮਾ ਗੁਲਜ਼ਾਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਪ੍ਰੋਗਰਾਮ ਦੀ ਪ੍ਰਧਾਨਗੀ ਸ਼੍ਰੀ ਰਾਜੀਵ ਕੌਸ਼ਲ (ਬੀ.ਕਾਮ., ਐਫ.ਸੀ.ਏ., ਪ੍ਰਧਾਨ, ਜ਼ਿਲ੍ਹਾ ਟੈਕਸੇਸ਼ਨ ਬਾਰ ਐਸੋਸੀਏਸ਼ਨ), ਡਾਇਰੈਕਟਰ ਟੈਕਸ, ਲੁਧਿਆਣਾ ਨੇ ਕੀਤੀ। ਵਿਸ਼ੇਸ਼ ਮਹਿਮਾਨਾਂ ਵਿੱਚ ਵਿਕਰਮ ਵਿਆਸ (ਅਫਸਰ, ਨੋਬਲ ਫਾਊਂਡੇਸ਼ਨ), ਰਤਨ ਸਿੰਘ ਪਟਿਆਲਾ, ਸ਼੍ਰੀਮਤੀ ਸੁਦੇਸ਼ ਕੁਮਾਰੀ ਅਤੇ ਹੈਪੀ ਸ਼ੇਰਪੁਰੀਆ (ਕੌਂਸਲਰ) ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਸਾਰੇ ਪਤਵੰਤਿਆਂ ਨੇ ਦੀਪ ਜਗਾ ਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਬ੍ਰਾਂਚ ਭਗਤ ਸਿੰਘ ਕਲੋਨੀ ਦੀਆਂ ਵਿਦਿਆਰਥਣਾਂ ਅੰਸ਼ਿਤਾ ਅਤੇ ਨਿਰਮਿਤ ਨੇ ਸਿਹਤ ਪ੍ਰਤੀ ਆਪਣੇ ਜਨੂੰਨ ਅਤੇ ਨੋਬਲ ਫਾਊਂਡੇਸ਼ਨ ਦੇ ਕੰਮ ਦਾ ਪ੍ਰਗਟਾਵਾ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

ਇਸ ਮੌਕੇ ਬੱਚਿਆਂ ਵੱਲੋਂ ਦਿੱਤੇ ਗਏ ਭਾਸ਼ਣ ਸੁਣਨ ਤੋਂ ਬਾਅਦ, ਮੁੱਖ ਮਹਿਮਾਨ ਸ਼੍ਰੀ ਗੁਲਜ਼ਾਰ ਵਾਨੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਬੱਚਿਆਂ ਦੇ ਭਾਸ਼ਣਾਂ ਤੋਂ ਮੋਹਿਤ ਹੋ ਗਿਆ। ਮੈਂ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵੇਖੇ ਬਿਨਾਂ ਨਹੀਂ ਰਹਿ ਸਕਿਆ ਜਿਵੇਂ ਉਹ ਬੋਲ ਰਹੇ ਸਨ। ਮੈਂ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਤੁਸੀਂ ਜ਼ਿੰਦਗੀ ਵਿੱਚ ਜ਼ਰੂਰ ਕੁਝ ਚੰਗਾ ਕਰੋਗੇ। ਮੈਨੂੰ ਅੱਜ ਦੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਨੋਬਲ ਫਾਊਂਡੇਸ਼ਨ ਦੇ ਕੰਮ ਨੂੰ ਸੁਣਨ ਦੀ ਜ਼ਰੂਰਤ ਨਹੀਂ ਹੈ ਇਹ ਬੱਚਿਆਂ ਦੇ ਭਾਸ਼ਣਾਂ ਵਿੱਚ ਝਲਕਦਾ ਹੈ। ਸ਼੍ਰੀਮਤੀ ਨਗਮਾ ਗੁਲਜ਼ਾਰ ਨੇ ਕਿਹਾ, ਮੈਂ ਅੱਜ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬਹੁਤ ਉਤਸ਼ਾਹਿਤ ਹਾਂ। ਮੈਂ ਘਰ ਵਿੱਚ ਨੋਬਲ ਫਾਊਂਡੇਸ਼ਨ ਜਿਸ ਤਰ੍ਹਾਂ ਦਾ ਕੰਮ ਕਰ ਰਹੀ ਹੈ, ਉਸਨੂੰ ਦੇਖਣ ਲਈ ਬਹੁਤ ਉਤਸ਼ਾਹਿਤ ਸੀ। ਅੱਜ ਮੈਨੂੰ ਨੋਬਲ ਫਾਊਂਡੇਸ਼ਨ ਨੂੰ ਨੇੜਿਓਂ ਜਾਣਨ ਦਾ ਮੌਕਾ ਮਿਲਿਆ। ਮੈਂ ਉੱਤਰ ਪ੍ਰਦੇਸ਼ ਵਿੱਚ ਇੱਕ ਸਕੂਲ ਵੀ ਚਲਾਉਂਦੀ ਹਾਂ, ਅਤੇ ਤੁਹਾਡੇ ਵਰਗੇ ਲੋੜਵੰਦ ਬੱਚੇ ਮੇਰੇ ਨਾਲ ਪੜ੍ਹ ਰਹੇ ਹਨ।" ਇਸ ਸਮਾਗਮ ਦੀ ਪ੍ਰਧਾਨਗੀ ਕਰਨ ਵਾਲੇ ਸ਼੍ਰੀ ਰਾਜੀਵ ਕੌਸ਼ਲ ਨੇ ਕਿਹਾ, "ਨੋਬਲ ਫਾਊਂਡੇਸ਼ਨ ਦੇ ਕੰਮ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਬਹੁਤ ਮੁਸ਼ਕਲ ਹੈ। ਮੈਂ ਮਾਪਿਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਨ ਲਈ ਉਤਸ਼ਾਹਿਤ ਕਰਨ।" ਉਨ੍ਹਾਂ ਨੂੰ ਮੋਬਾਈਲ ਫੋਨਾਂ ਤੋਂ ਦੂਰ ਰੱਖੋ। ਤੁਹਾਡੇ ਬੱਚੇ ਕਿਸੇ ਹੋਰ ਤੋਂ ਘੱਟ ਨਹੀਂ ਹਨ। ਉਹ ਵੱਡੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨਾਲੋਂ ਹਜ਼ਾਰ ਗੁਣਾਂ ਬਿਹਤਰ ਹਨ। ਡੀ.ਐਮ.ਸੀ. ਕਮਿਊਨਿਟੀ ਆਊਟਰੀਚ ਕਮੇਟੀ ਦੀ ਕਨਵੀਨਰ ਸ਼੍ਰੀਮਤੀ ਆਯੂਸ਼ ਸੋਨੀ ਨੇ ਮੈਡੀਕਲ ਕੈਂਪ ਦੇ ਸਾਰੇ ਡਾਕਟਰਾਂ ਨਾਲ ਵਧੀਆ ਤਾਲਮੇਲ ਬਣਾ ਕੇ ਕੈਂਪ ਨੂੰ ਸਫਲ ਬਣਾਇਆ। ਕੈਂਪ ਨੂੰ ਡੀ.ਐਮ.ਸੀ. ਹਸਪਤਾਲ ਦੀ ਮੈਡੀਕਲ ਟੀਮ ਵੱਲੋਂ ਵਿਸ਼ੇਸ਼ ਸਹਾਇਤਾ ਪ੍ਰਾਪਤ ਹੋਈ। ਟੀਮ ਵਿੱਚ ਡਾ: ਈਸ਼ਾ , ਮੈਡੀਸਨ ਸਪੈਸ਼ਲਿਸਟ, ਡਾ: ਪ੍ਰੀਤੀ ਸਿੰਘ, ਗਾਇਨੀਕੋਲੋਜਿਸਟ, ਡਾ: ਚੰਦਨ ਚਾਹਲ, ਬਾਲ ਰੋਗ ਵਿਗਿਆਨੀ, ਬਚਿੱਤਰ ਸਿੰਘ, ਓਪੀਡੀ ਸਹਾਇਕ, *ਗੰਧਰਵ ਸਿੰਘ, ਈਸੀਜੀ ਵਿਭਾਗ, ਮੁਸਕਾਨਪ੍ਰੀਤ ਕੌਰ ਅਤੇ ਅਰਸ਼ਵਿੰਦਰ ਕੌਰ, ਸਟਾਫ ਨਰਸਾਂ, ਸੋਹਿਤ ਲੈਬ ਟੈਕਨੀਸ਼ੀਅਨ, ਸ਼ਿਵਾਨੀ ਵਾਰਡ ਅਟੈਂਡੈਂਟ, ਹਰਪ੍ਰੀਤ ਸਿੰਘ ਅਤੇ ਕਰਮਵੀਰ ਸਿੰਘ ਫਾਰਮਾਸਿਸਟ ਸ਼ਾਮਲ ਸਨ। ਸੰਸਥਾ ਦੁਆਰਾ ਹੁਣ ਤੱਕ ਲਗਾਏ ਗਏ ਮੁਫਤ ਮੈਡੀਕਲ ਕੈਂਪਾਂ ਤੋਂ ਕੁੱਲ 33,785 ਲੋੜਵੰਦ ਵਿਦਿਆਰਥੀਆਂ ਅਤੇ ਮਾਪਿਆਂ ਨੇ ਲਾਭ ਉਠਾਇਆ ਹੈ।ਭਗਤ ਸਿੰਘ ਕਲੋਨੀ ਅਤੇ ਬ੍ਰਾਂਚ ਦੌਲਤ ਕਲੋਨੀ ਦੇ ਸਾਰੇ ਅਧਿਆਪਕਾਂ ਨੇ ਆਪਣਾ ਪੂਰਾ ਸਮਰਥਨ ਦਿੱਤਾ। ਪ੍ਰੋਗਰਾਮ ਦਾ ਮੰਚ ਸੰਚਾਲਨ ਭਗਤ ਸਿੰਘ ਕਲੋਨੀ ਦੇ ਇੰਚਾਰਜ ਰੋਹਿਨੀ ਠਾਕੁਰ ਦੁਆਰਾ ਕੀਤਾ ਗਿਆ। ਨੋਬਲ ਫਾਊਂਡੇਸ਼ਨ ਦੇ ਸੰਸਥਾਪਕ ਸ਼੍ਰੀ ਰਾਜੇਂਦਰ ਸ਼ਰਮਾ ਨੇ ਕਿਹਾ ਕਿ ਸੰਸਥਾ ਦੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਹਰ ਮਹੀਨੇ ਅਜਿਹੀਆਂ ਸੇਵਾ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਨੇ ਸਾਰੇ ਮਹਿਮਾਨਾਂ ਅਤੇ ਦਯਾਨੰਦ ਮੈਡੀਕਲ ਕਾਲਜ ਹਸਪਤਾਲ ਪ੍ਰਬੰਧਨ, ਮੈਡੀਕਲ ਸੁਪਰਡੈਂਟ ਅਤੇ ਡੀ.ਐਮ.ਸੀ. ਟੀਮ ਦਾ ਧੰਨਵਾਦ ਕੀਤਾ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੌ ਫ਼ੀਸਦੀ ਟੀਕਾਕਰਨ ਟੀਚਾ ਤੇ ਆਮ ਆਦਮੀ ਕਲੀਨਿਕਾਂ ‘ਚ ਸ਼ਾਨਦਾਰ ਕਾਰਗੁਜ਼ਾਰੀ ਲਈ ਡਾ. ਸੀਮਾ ਗਰਗ ਨੂੰ ਮਿਲਿਆ ਸੂਬਾ ਪੱਧਰੀ ਸਨਮਾਨ

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦਿੱਤੀ ਵਧਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ )** ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੀਮਾ ਗਰਗ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ, ਪੂਰੀ ਲਗਨ ਅਤੇ ਪ੍ਰਭਾਵਸ਼ਾਲੀ ਕਾਰਜਸ਼ੈਲੀ ਲਈ ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰ 'ਤੇ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਉਨ੍ਹਾਂ ਨੂੰ ‘ਅਵਾਰਡ ਆਫ਼ ਆਨਰ‘ ਅਤੇ ‘ਸਟੇਟ ਲੈਵਲ ਸਰਟੀਫਿਕੇਟ ਆਫ਼ ਐਪਰੀਸੀਏਸ਼ਨ’ ਨਾਲ ਸਨਮਾਨਿਤ ਕੀਤਾ। ਡਾ. ਸੀਮਾ ਗਰਗ ਨੇ ਜ਼ਿਲ੍ਹੇ ਵਿੱਚ 100 ਫ਼ੀਸਦੀ ਟੀਕਾਕਰਨ ਦੇ ਟੀਚਿਆਂ ਦੀ ਪ੍ਰਾਪਤੀ ਅਤੇ 76 ਆਮ ਆਦਮੀ ਕਲੀਨਿਕਾਂ ਵਿੱਚ 98 ਫ਼ੀਸਦੀ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਨੂੰ ਬਿਹਤਰ ਇਲਾਜ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਦੇਖਦਿਆਂ ਉਨ੍ਹਾਂ ਨੂੰ ਮੁੱਖ ਮੰਤਰੀ ਦੇ ‘ਬੈਸਟ ਨੋਡਲ ਅਫ਼ਸਰ’ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਸਨਮਾਨ ਪੱਤਰ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੇ ਡਾ. ਸੀਮਾ ਗਰਗ ਵੱਲੋਂ ਮਰੀਜ਼ਾਂ ਦੀ ਦੇਖ-ਭਾਲ, ਸਿਹਤ ਸੇਵਾਵਾਂ ਦੇ ਵਿਸਥਾਰ ਅਤੇ ਭਾਈਚਾਰੇ ਦੀ ਭਲਾਈ ਲਈ ਕੀਤੇ ਗਏ ਸ਼ਲਾਘਾਯੋਗ ਕੰਮਾਂ ਦੀ ਸ਼ਲਾਘਾ ਕੀਤੀ। ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਅਣਥੱਕ ਮਿਹਨਤ, ਸਮਰਪਣ ਅਤੇ ਮਿਸਾਲੀ ਸੇਵਾਵਾਂ ਨੇ ਪੰਜਾਬ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਸ ਉਪਲੱਬਧੀ 'ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਡਾ. ਸੀਮਾ ਗਰਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਇਹ ਸਨਮਾਨ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਡਾ. ਸੀਮਾ ਗਰਗ ਭਵਿੱਖ ਵਿੱਚ ਵੀ ਇਸੇ ਲਗਨ ਅਤੇ ਵਚਨਬੱਧਤਾ ਨਾਲ ਸਿਹਤ ਸੇਵਾਵਾਂ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਕੰਮ ਕਰਦੇ ਰਹਿਣਗੇ। ਜ਼ਿਲ੍ਹੇ ਦੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਵੀ ਡਾ. ਸੀਮਾ ਗਰਗ ਨੂੰ ਇਸ ਵੱਕਾਰੀ ਸਨਮਾਨ ਲਈ ਵਧਾਈ ਦਿੰਦਿਆਂ ਇਸ ਨੂੰ ਸਿਹਤ ਵਿਭਾਗ ਹੁਸ਼ਿਆਰਪੁਰ ਲਈ ਮਾਣਮੱਤੀ ਪ੍ਰਾਪਤੀ ਕਰਾਰ ਦਿੱਤਾ। ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਗੁਰਕੰਵਲ ਸਿੰਘ ਵੀ ਹਾਜ਼ਰ ਸਨ।



# ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ’ਚ ਜ਼ਿਲ੍ਹਾ ਰੈਡ ਕਰਾਸ ਦਾ ਵਿਸ਼ੇਸ਼ ਕਦਮ, ’ਪ੍ਰੋਜੈਕਟ ਪਹਿਚਾਣ’ ਦੀ ਸ਼ੁਰਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਵਿਚ ਜ਼ਿਲ੍ਹੇ ਦੀਆਂ ਲੜਕੀਆਂ ਅਤੇ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਆਰਥਿਕ ਆਤਮਨਿਰਭਰਤਾ ਨੂੰ ਬੜ੍ਹਾਵਾ ਦੇਣ ਦੇ ਉਦੇਸ਼ ਨਾਲ ਇਕ ਵਿਸ਼ੇਸ਼ ਪਹਿਲ ਤਹਿਤ ’ਪ੍ਰੋਜੈਕਟ ਪਹਿਚਾਣ’ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਪ੍ਰੋਜੈਕਟ ਊਸ਼ਾ ਸਾਂਗਵਾਨ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ, ਜੋ ਸੋਨਾਲੀਕਾ ਗਰੁੱਪ ਦੇ ਸੰਸਥਾਪਕ ਡਾ. ਲਕਸ਼ਮਣ ਦਾਸ ਮਿੱਤਲ ਦੀ ਪੁੱਤਰੀ ਹੈ ਅਤੇ ਭਾਰਤੀਆ ਜੀਵਨ ਬੀਮਾ ਨਿਗਮ ਦੇ ਇਤਿਹਾਸ ਵਿਚ ਪਹਿਲੀ ਮਹਿਲਾ ਪ੍ਰਬੰਧ ਨਿਰਦੇਸ਼ਕ ਰਹਿਣ ਦਾ ਗੌਰਵ ਪ੍ਰਾਪਤ ਕਰ ਚੁੱਕੀ ਹੈ। ਊਸ਼ਾ ਸਾਂਗਵਾਨ ਦੇਸ਼ ਦੀ ਮੋਹਰੀ ਮਹਿਲਾ ਕਾਰੋਬਾਰੀ ਹੱਸਤੀਆਂ ਵਿਚ ਸ਼ਾਮਲ ਹੈ। ਉਨ੍ਹਾਂ ਦਾ ਨਾਮ ਵਿਸ਼ਵ ਪ੍ਰਸਿੱਧ ਫੋਬਰਸ ਦੀ ਏਸ਼ੀਆ ਦੀ 50 ਸਭ ਤੋਂ ਪ੍ਰਭਾਵਸ਼ਾਲੀ ਮਹਿਲਾਵਾਂ ਦੀ ਸੂਚੀ ਵਿਚ ਸ਼ਾਮਲ ਹੋ ਚੁੱਕਾ ਹੈ। ਇਸ ਤੋਂ ਇਲਾਵਾ ਇਹ ਨੀਤੀ ਆਯੋਗ ਦੇ ਮਹਿਲਾ ਸਸ਼ਕਤੀਕਰਨ ਪ੍ਰੋਗਰਾਮਾਂ ਵਿਚ ਵੀ ਮੋਹਰੀ ਰੂਪ ਵਿਚ ਜੁੜੀ ਹੋਈ ਹੈ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਪ੍ਰੇਣਨਾ ਨਾਲ ਸ਼ੁਰੂ ਕੀਤੇ ਗਏ ਇਸ ਪ੍ਰੋਜੇਕਟ ਦਾ ਮੁੱਖ ਉਦੇਸ਼ ਮਹਿਲਾਵਾ ਨੂੰ ਆਤਮਨਿਰਭਰ ਬਣਾ ਕੇ ਉਨ੍ਹਾਂ ਨੂੰ ਆਰਥਿਕ ਅਤੇ ਸਮਾਜਿਕ ਤੌਰ ’ਤੇ ਮਜ਼ਬੂਤ ਬਣਾਉਣਾ ਹੈ।



ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ’ਪ੍ਰੋਜੈਕਟ ਪਹਿਚਾਣ’ ਦਾ ਮੁੱਖ ਉਦੇਸ਼ ਮਹਿਲਾਵਾਂ ਅਤੇ ਲੜਕੀਆਂ ਦੇ ਦਰਮਿਆਨ ਸਟਾਰਟ-ਅਪ ਸੰਸਕ੍ਰਿਤੀ ਨੂੰ ਬੜ੍ਹਾਵਾ ਦੇਣਾ ਹੈ। ਇਸ ਤਹਿਤ ਰੈਡ ਕਰਾਸ ਵੋਕੇਸ਼ਨਲ ਲਰਨਿੰਗ ਸੈਂਟਰ ਦੀਆਂ 5 ਪ੍ਰਤੀਭਾਸ਼ਾਲੀ ਅਤੇ ਜ਼ਰੂਰਤਮੰਦ ਵਿਦਿਆਰਥਣਾਂ ਮਨੀਸ਼ਾ, ਹਰਪ੍ਰੀਤ ਕੌਰ, ਮੋਨਿਕਾ, ਅਮ੍ਰਿਤ ਅਤੇ ਕਾਲਜ ਨੂੰ ਘਰ ਤੋਂ ਹੀ ਸਵੈਰੋਜ਼ਗਾਰ ਸ਼ੁਰੂ ਕਰਨ ਲਈ ਮੋਟਰਾਈਜ਼ਡ ਅੰਬਰੇਲਾ ਮਸ਼ੀਨ, ਇੰਟਰਲਾਕਿੰਗ ਮਸ਼ੀਨ, ਸਟੀਮ ਪ੍ਰੈਸ ਅਤੇ ਆਇਰਨ ਪ੍ਰੈਸ ਉਪਲਬੱਧ ਕਰਵਾਈ ਗਈ ਹੈ। ਇਨ੍ਹਾਂ ਮਸ਼ੀਨਾਂ ਦੀ ਸਹਾਇਤਾ ਨਾਲ ਇਹ ਵਿਦਿਆਰਥਣਾਂ ਘਰ ਬੈਠੇ ਹੀ ਆਪਣੀ ਰੋਜ਼ੀ ਰੋਟੀ ਕਮਾਉਣ ਅਤੇ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿਚ ਅੱਗੇ ਵੱਧਣਗੀਆਂ। ਇਸ ਮੌਕੇ ਰੈਡ ਕਰਾਸ ਹਸਪਤਾਲ ਭਲਾਈ ਸੈਕਸ਼ਨ ਦੇ ਵਾਈਸ ਚੇਅਰਮੈਨ ਰਾਜੀਵ ਬਜਾਜ ਸਮੇਤ ਰੈਡ ਕਰਾਸ ਦੀ ਟੀਮ ਦੇ ਮੈਂਬਰ ਵੀ ਮੌਜੂਦ ਸਨ। ਸਯੁੰਕਤ ਸਕੱਤਰ ਅਦਿਤਿਆ ਰਾਣਾ ਨੇ ਦੱਸਿਆ ਕਿ ’ਪ੍ਰੋਜੈਕਟ ਪਹਿਚਾਣ’ ਤੋਂ ਇਲਾਵਾ ਰੈਡ ਕਰਾਸ ਵਲੋਂ ਸੋਨਾਲੀਕਾ ਸਮੂਹ ਦੇ ਸਹਿਯੋਗ ਨਾਲ ’ਸੂਈ ਧਾਗਾ’ ਨਾਮਕ ਇਕ ਹੋਰ ਮਹੱਤਵਪੂਰਨ ਪ੍ਰੋਜੈਕਟ ਵੀ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਰੈਡ ਕਰਾਸ ਕੈਂਪਸ ਵਿਚ ਆਧੁਨਿਕ ਇੰਟਰਲਾਕਿੰਗ, ਇਲਾਸਟਿਕ, ਬੱਟਨ ਅਤੇ ਕਾਜ ਮਸ਼ੀਨਾਂ ਸਥਾਪਿਤ ਕੀਤੀਆਂ ਗਈਆਂ ਹਨ, ਜਿਸ ਦੀ ਵਰਤੋਂ ਉਪਯੋਗ ਫੈਸ਼ਨ ਡਿਜਾਇਨਿੰਗ ਦਾ ਕੌਸ਼ਲ ਰੱਖਣ ਵਾਲੀਆਂ ਜ਼ਰੂਰਤਮੰਦ ਮਹਿਲਾਵਾਂ ਪੇਸ਼ੇਵਰ ਕੰਮ ਲਈ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਰੈਡ ਕਰਾਸ ਅਤੇ ਸੋਨਾਲੀਕਾ ਸਮੂਹ ਦਾ ਇਹ ਸਾਂਝਾ ਉਪਰਾਲਾ ਜ਼ਿਲ੍ਹੇ ਦੀਆਂ ਮਹਿਲਾਵਾਂ ਨੂੰ ਆਰਥਿਕ ਰੂਪ ਵਿਚ ਮਜ਼ਬੂਤ, ਆਤਮਨਿਰਭਰ ਅਤੇ ਸਵੈਰੋਜ਼ਗਾਰ ਪ੍ਰਤੀ ਪ੍ਰੇਰਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ ਅਤੇ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ ਵਿਚ ਇਕ ਮੀਲ ਦਾ ਪੱਥਰ ਸਾਬਤ ਹੋਵੇਗਾ।

# ਨਵਾਂਸ਼ਹਿਰ ਪੁਲਿਸ ਦੀ ਵੱਡੀ ਕਾਰਵਾਈ: ਹੈਰੋਇਨ, ਡਰੱਗ ਮਨੀ ਅਤੇ ਨਜਾਇਜ਼ ਪਿਸਤੌਲ ਸਮੇਤ ਦੋ ਨੌਜਵਾਨ ਕਾਬੂ



**ਨਵਾਂਸ਼ਹਿਰ, 5 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫ਼ਲਤਾ ਹਾਸਲ ਹੋਈ, ਜਦੋਂ ਡੀਐਸਪੀ ਪੰਕਜ਼ ਸ਼ਰਮਾ ਨਵਾਂਸ਼ਹਿਰ ਅਤੇ ਥਾਣਾ ਸਿਟੀ ਨਵਾਂਸ਼ਹਿਰ ਦੇ ਮੁੱਖ ਅਫ਼ਸਰ ਇੰਸਪੈਕਟਰ ਅਵਤਾਰ ਸਿੰਘ ਦੀ ਯੋਗ ਅਗਵਾਈ ਹੇਠ ਪੁਲਿਸ ਪਾਰਟੀ ਨੇ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਹੈਰੋਇਨ, ਡਰੱਗ ਮਨੀ ਅਤੇ ਨਾਜਾਇਜ਼ ਅਸਲਾ ਬਰਾਮਦ ਕੀਤਾ। ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਡੀਐਸਪੀ ਪੰਕਜ਼ ਸ਼ਰਮਾ ਨੇ ਦੱਸਿਆ ਕਿ ਥਾਣਾ ਮੁਖੀ ਅਵਤਾਰ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਪਾਰਟੀ ਨਵੀਂ ਆਬਾਦੀ ਨਵਾਂਸ਼ਹਿਰ ਤੋਂ ਹੁੰਦੇ ਹੋਏ ਮੂਸਾਪੁਰ ਰੋਡ ਵੱਲ ਜਾ ਰਹੀ ਸੀ। ਜਦੋਂ ਪੁਲਿਸ ਪਾਰਟੀ ਨੇੜੇ ਨਹਿਰ ਸੂਏ ਪਾਸ ਬਣੇ ਪੀਰ ਬਾਬਾ ਦੀ ਜਗ੍ਹਾ ਕੋਲ ਪੁੱਜੀ, ਤਾਂ ਉੱਥੇ ਪੀਰ ਬਾਬੇ ਦੀ ਜਗ੍ਹਾ ਦੇ ਸੱਜੇ ਪਾਸੇ ਦੋ ਨੌਜਵਾਨ ਲੜਕੇ ਖੜ੍ਹੇ ਦਿਖਾਈ ਦਿੱਤੇ। ਉਹ ਦੋਵੇਂ ਜਣੇ ਪੁਲਿਸ ਪਾਰਟੀ ਦੀ ਸਰਕਾਰੀ ਗੱਡੀ ਨੂੰ ਦੇਖ ਕੇ ਨਹਿਰ ਦੇ ਨਾਲ ਸੱਜੇ ਪਾਸੇ ਨਹਿਰ ਕਾਲੋਨੀ ਨੂੰ ਜਾਂਦੇ ਰਸਤੇ ਵੱਲ ਨੂੰ ਕਾਹਲੀ-ਕਾਹਲੀ ਤੁਰਨ ਲੱਗੇ। ਇਸ ਦੌਰਾਨ ਇੱਕ ਲੜਕੇ ਨੇ, ਜਿਸਨੇ ਕੈਪਰੀ ਪਹਿਨੀ ਹੋਈ ਸੀ, ਪੁਲਿਸ ਪਾਰਟੀ ਦੇ ਦੇਖਦੇ-ਦੇਖਦੇ ਆਪਣੀ ਪਹਿਨੀ ਹੋਈ ਕੈਪਰੀ ਦੀ ਜੇਬ ਵਿੱਚੋਂ ਇੱਕ ਲਿਫ਼ਾਫ਼ਾ ਕੱਢ ਕੇ ਸੜਕ ਕਿਨਾਰੇ ਝਾੜੀਆਂ ਵਿੱਚ ਸੁੱਟ ਦਿੱਤਾ। ਜਿਸ 'ਤੇ ਏ.ਐਸ.ਆਈ. ਰਵੀ ਕੁਮਾਰ ਨੇ ਤੁਰੰਤ ਗੱਡੀ ਰੁਕਵਾ ਕੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਕਤ ਦੋਵਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ। ਜਦੋਂ ਉਨ੍ਹਾਂ ਦਾ ਵਾਰੀ-ਵਾਰੀ ਨਾਮ ਤੇ ਪਤਾ ਪੁੱਛਿਆ, ਤਾਂ ਇੱਕ ਲੜਕੇ ਨੇ ਆਪਣਾ ਨਾਮ ਲਵ ਉਰਫ ਗੌਰਵ ਪੁੱਤਰ ਅਸ਼ੋਕ ਕੁਮਾਰ, ਵਾਸੀ ਬਾਲਮੀਕ ਮੁਹੱਲਾ ਨਵਾਂਸ਼ਹਿਰ, ਥਾਣਾ ਸਿਟੀ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ। ਜਦੋਂ ਉਕਤ ਲੜਕੇ ਵੱਲੋਂ ਝਾੜੀਆਂ ਵਿੱਚ ਸੁੱਟੇ ਗਏ ਪਾਰਦਰਸ਼ੀ ਲਿਫ਼ਾਫ਼ੇ ਨੂੰ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ 50 ਗਰਾਮ ਹੈਰੋਇਨ ਅਤੇ 21 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ। ਇਸੇ ਤਰ੍ਹਾਂ ਦੂਸਰੇ ਲੜਕੇ ਨੇ ਆਪਣਾ ਨਾਮ ਰੋਹਿਤ ਉਰਫ ਕਾਲੂ ਪੁੱਤਰ ਪਿੰਕੂ, ਵਾਸੀ ਬਾਲਮੀਕ ਮੁਹੱਲਾ ਨਵਾਂਸ਼ਹਿਰ ਦੱਸਿਆ, ਜਿਸਦੇ ਡੱਬ (ਕਮਰ) ਵਿੱਚੋਂ ਇੱਕ ਨਾਜਾਇਜ਼ ਪਿਸਤੌਲ ਅਤੇ 03 ਜ਼ਿੰਦਾ ਰੌਂਦ (32 ਬੋਰ) ਬਰਾਮਦ ਹੋਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਕਾਬੂ ਕੀਤੇ ਗਏ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਪੁੱਛਗਿੱਛ ਦੌਰਾਨ ਕਈ ਹੋਰ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

# ਪਿੰਡ ਦੁਸਾਂਝ ਖੁਰਦ ਵਿਖੇ ਸਤਿਗੁਰ ਕਬੀਰ ਸਾਹਿਬ ਜੀ ਦਾ ਜਨਮ ਦਿਨ 12 ਜੁਲਾਈ 2026 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ




**ਬੰਗਾ (ਚਰਨਜੀਤ ਸੱਲ੍ਹਾ )** ਸਾਧ ਸੰਗਤ ਜੀ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਨਗਰ ਦੁਸਾਂਝ ਖੁਰਦ ਵਿਖੇ ਹਰ ਸਾਲ ਦੀ ਤਰਾਂ ਇਸ ਸਕਲ ਵੀ ਧੰਨ ਧੰਨ ਸਤਿਗੁਰੂ ਕਬੀਰ ਸਾਹਿਬ ਮਹਾਰਾਜ ਜੀ ਦਾ ਜਨਮਦਿਹਾੜਾ ਬੜੀ ਹੀ ਸ਼ਰਧਾ ਅਤੇ ਪਿਆਰ ਸਤਿਕਾਰ ਨਾਲ ਮਿਤੀ 12 ਜੁਲਾਈ 2026 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਅਸਥਾਨ ਵਿਖੇ ਮਨਾਇਆ ਜਾ ਰਿਹਾ ਹੈ। ਜਿਸ ਮੁਤਾਬਕ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ ਅਤੇ ਉਪਰੰਤ ਭਾਈ ਸਾਹਿਬ ਭਾਈ "ਪਰਮਜੀਤ ਸਿੰਘ ਜੀ ਖਾਲਸਾ ਦੁਸਾਂਝ ਖੁਰਦ ਵਾਲੇ" ਗੁਰਦੁਆਰ ਸਾਹਿਬ ਆਪਣੇ ਕੀਰਤਨੀ ਜਥੇ ਨਾਲ ਸੰਗਤਾਂ ਨੂੰ ਗੁਰੂ ਜਸ ਕੀਰਤਨ ਕਰਕੇ ਨਿਹਾਲ ਕਰਨਗੇ। ਉਪਰੰਤ ਸੰਗਤ ਵਾਸਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ, ਸੋ ਸੰਗਤ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਸਮਾਗਮ ਨੂੰ ਸਫਲ ਬਣਾਉਣ ਦੇ ਲਈ ਆਪੋ ਆਪਣੀ ਸ਼ਰਧਾ ਮੁਤਾਬਕ ਤਨ ਮਨ ਧੰਨ ਨਾਲ ਸੇਵਾ ਕਰਨ ਦੀ ਕਿਰਪਾਲਤਾ ਕਰਨੀ ਜੀ,

**ਵਲੋਂ :-- ਪ੍ਰਬੰਧਕ ਕਮੇਟੀ ਅਤੇ ਨੌਜਵਾਨ ਸਭਾ ਪਿੰਡ ਦੁਸਾਂਝ ਖੁਰਦ,**

# ਬੇਆਬਾਦ ਪਲਾਟਾਂ ਵਿੱਚ ਉੱਗੀ ਘਾਹ ਬੂਟੀ ਬਣੀ ਨਸ਼ੱਈਆਂ ਦੀ ਸ਼ਰਨਗਾਹ ਤੇ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਹਿਰ ਚ ਖਾਲੀ ਪਏ ਪਲਾਟਾਂ ਚ ਉੱਗੇ ਭੰਗ ਅਤੇ ਹੋਰ ਅੱਕ ਬਗੈਰਾ ਲੁੱਟਾਂ ਖੋਹਾਂ ਕਰਨ ਵਾਲਿਆਂ ਦੀ ਸ਼ਰਨਗਾਹ ਬਣ ਰਹੇ ਹਨ । ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਨਾਲ ਵਾਰਤਾ ਦੌਰਾਨ ਰੱਖੇ। ਉਹਨਾਂ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਸਵੇਰੇ ਚਾਰ ਤੋ ਸਵੇਰੇ ਛੇ ਵਜੇ ਤਕ ਸਬਜੀ ਮੰਡੀ ਨੂੰ ਆਉਣ ਵਾਲੇ ਫ਼ਲ, ਸਬਜੀ ਵਿਕ੍ਰੇਤਾਵਾਂ ਦੀ ਲੁਟੇਰਿਆਂ ਵਲੋਂ ਦਾਤਰ ਅਤੇ ਹੋਰ ਹਥਿਆਰਾਂ ਰਾਹੀਂ ਹਮਲਾ ਕਰਕੇ ਲੁੱਟ ਖੋਹ ਕਰਨ ਦੀਆਂ



ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਹਨਾਂ ਕੋਲੋਂ ਨਕਦੀ ਅਤੇ ਮੋਬਾਈਲ ਖੋਹੇ ਜਾ ਰਹੇ ਹਨ। ਜਿਸ ਨਾਲ ਉਹਨਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਨਗਰ ਕੌਂਸਲ ਗੜ੍ਹਸ਼ੰਕਰ ਦੀ ਹਦੂਦ 'ਚ ਪੈਂਦੇ ਇਲਾਕਿਆਂ ਚਾਹੇ ਓਹ ਰਾਵਲਪਿੰਡੀ ਰੋਡ ਹੋਵੇ ਜਾ ਅਨੰਦਪੁਰ ਸਾਹਿਬ, ਚੰਡੀਗੜ੍ਹ ਰੋਡ ਹੋਣ ਉਹਨਾ ਰਸਤਿਆਂ 'ਚ ਪੈਂਦੇ ਪਲਾਟਾਂ 'ਚ ਉੱਗੀਆਂ ਬੂਟੀਆਂ ਲੁਟੇਰਿਆਂ ਦੀ ਸ਼ਰਨਗਾਹ ਬਣ ਰਹੀਆਂ ਹਨ ਅਤੇ ਇਹ ਬਰਸਾਤ ਦੇ ਦਿਨਾਂ ਵਿੱਚ ਆਮ ਜਨਤਾ ਲਈ ਭਿਆਨਕ ਬਿਮਾਰੀਆਂ ਦਾ ਸਬੱਬ ਵੀ ਬਨਦੀਆਂ ਹਨ। ਉਹਨਾਂ ਕਿਹਾ ਕਿ ਨਗਰ ਕੌਂਸਲ ਪ੍ਰਸ਼ਾਸ਼ਨ ਵਲੋਂ ਪਲਾਟ ਮਾਲਕਾਂ ਕੋਲੋ ਪ੍ਰੋਪਰਟੀ ਟੈਕਸ ਵਸੂਲਿਆ ਜਾਂਦਾ ਹੈ, ਪਰ ਜਦੋਂ ਬਰਸਾਤ ਦਾ ਮੌਸਮ 'ਚ ਇਹ ਪਲਾਟ ਆਮ ਪਬਲਿਕ ਦੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ ਤਾਂ ਨਗਰ ਕੌਂਸਲ ਪ੍ਰਸ਼ਾਸ਼ਨ ਅੱਖਾਂ ਮੀਚ ਲੈਂਦਾ ਹੈ । ਉਹਨਾਂ ਕਿਹਾ ਕਿ ਸਮੁੱਚੀ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਨਗਰ ਕੌਂਸਲ ਪ੍ਰਸ਼ਾਸ਼ਨ ਕੋਲੋ ਪ੍ਰੈਸ ਦੇ ਮਾਧਿਅਮ ਦੁਆਰਾ ਮੰਗ ਕਰਦੇ ਹਾਂ, ਕਿ ਆਮ ਪਬਲਿਕ ਦੀ ਪ੍ਰੇਸ਼ਾਨੀ ਨੂੰ ਦੇਖਦੇ ਹੋਏ ਸ਼ਹਿਰ ਦੀ ਹਦੂਦ ਦੇ ਅੰਦਰ ਪਏ ਤਮਾਮ ਖਾਲੀ ਪਲਾਟਾਂ 'ਚ ਸਫ਼ਾਈ ਕਰਾਈ ਜਾਏ ਜਾਂ ਪਲਾਟ ਮਾਲਕਾਂ ਨੂੰ ਨੋਟਿਸ ਕੱਢਕੇ ਸਫ਼ਾਈ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਜਾਵੇ ।

# 'ਪੰਜਾਬ 95' (ਸਤਲੁਜ) ਫਿਲਮ ਸਿਰਫ਼ ਮਨੋਰੰਜਨ ਨਹੀਂ, ਸਗੋਂ ਪੰਜਾਬ ਦੇ ਸੱਚੇ ਇਤਿਹਾਸ ਦਾ ਦਸਤਾਵੇਜ਼: ਡਾ. ਗੁਰਪ੍ਰੀਤ ਕੌਰ ਥਿਆੜਾ

**ਨਵਾਂਸ਼ਹਿਰ , 5 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਪ੍ਰਸਿੱਧ ਸਮਾਜਿਕ ਸ਼ਖਸੀਅਤ ਡਾਕਟਰ ਗੁਰਪ੍ਰੀਤ ਕੌਰ ਥਿਆੜਾ ਨਵਾਂਸ਼ਹਿਰ ਨੇ ਚਰਚਿਤ ਫਿਲਮ 'ਪੰਜਾਬ 95' (ਸਤਲੁਜ) ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਚਾਰ ਸਾਲ ਰੁਕਣ ਤੋਂ ਬਾਅਦ ਹੁਣ ਇਹ ਫਿਲਮ ਸਾਡੇ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਸਵਾਲ ਸਿਰਫ਼ ਇੱਕ ਫਿਲਮ ਦਾ ਨਹੀਂ ਹੈ, ਸਗੋਂ ਸਵਾਲ ਉਸ ਇਤਿਹਾਸ ਦਾ ਹੈ ਜਿਸ ਨੂੰ ਜਾਣਨਾ ਅਤੇ ਸਮਝਣਾ ਹਰ ਪੰਜਾਬੀ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹ ਫਿਲਮ ਮਹਾਨ ਸ਼ਹੀਦ



ਜਸਵੰਤ ਸਿੰਘ ਖਾਲੜਾ ਜੀ ਦੀ ਜ਼ਿੰਦਗੀ, ਉਨ੍ਹਾਂ ਦੀ ਸੱਚ ਦੀ ਲੜਾਈ ਅਤੇ ਅਦਾਲਤੀ ਸੰਘਰਸ਼ 'ਤੇ ਆਧਾਰਿਤ ਹੈ। ਇਹ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਬਲਕਿ 1995 ਦੇ ਉਸ ਦੌਰ ਦੀ ਯਾਦ ਹੈ ਜਿਸ ਨੇ ਪੂਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਸੀ।ਡਾ. ਥਿਆੜਾ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਦੀ ਵਿਚਾਰਧਾਰਾ ਵੱਖਰੀ ਹੋ ਸਕਦੀ ਹੈ, ਪਰ ਆਪਣੇ ਇਤਿਹਾਸ ਨੂੰ ਜਾਣਨ ਅਤੇ ਸਮਝਣ ਦਾ ਹੱਕ ਕਿਸੇ ਵੀ ਇਨਸਾਨ ਤੋਂ ਖੋਹਿਆ ਨਹੀਂ ਜਾ ਸਕਦਾ। ਉਨ੍ਹਾਂ ਸਮੂਹ ਪੰਜਾਬੀਆਂ, ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਇਸ ਫਿਲਮ ਨੂੰ ਜ਼ਰੂਰ ਦੇਖਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਇਤਿਹਾਸ ਨੂੰ ਕਿਤਾਬਾਂ, ਦਸਤਾਵੇਜ਼ਾਂ ਅਤੇ ਅਜਿਹੀਆਂ ਸੱਚੀਆਂ ਫਿਲਮਾਂ ਰਾਹੀਂ ਸਮਝਣਾ ਚਾਹੀਦਾ ਹੈ, ਉਸ ਬਾਰੇ ਸਵਾਲ ਪੁੱਛਣੇ ਚਾਹੀਦੇ ਹਨ ਅਤੇ ਆਪਣੇ ਅਸਲ ਇਤਿਹਾਸ ਦੀ ਪਛਾਣ ਕਰਨੀ ਚਾਹੀਦੀ ਹੈ। ਉਨ੍ਹਾਂ ਅਖੀਰ ਵਿੱਚ ਆਖਿਆ ਕਿ ਜਿਹੜੀ ਕੌਮ ਆਪਣੇ ਇਤਿਹਾਸ ਤੋਂ ਚੰਗੀ ਤਰ੍ਹਾਂ ਵਾਕਫ਼ ਹੁੰਦੀ ਹੈ, ਉਸ ਨੂੰ ਕੋਈ ਵੀ ਤਾਕਤ ਕਦੇ ਗੁੰਮਰਾਹ ਨਹੀਂ ਕਰ ਸਕਦੀ।

# 2027 ਦੀਆਂ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼: ਪਿੰਡ ਬੱਛੂਆਂ ਵਿਖੇ 'ਆਪ' ਦੀ ਅਹਿਮ ਨੁੱਕੜ ਮੀਟਿੰਗ, ਚੇਅਰਮੈਨ ਸਤਨਾਮ ਜਲਾਲਪੁਰ ਨੇ ਗਿਣਵਾਈਆਂ ਸਰਕਾਰ ਦੀਆਂ ਪ੍ਰਾਪਤੀਆਂ

**ਬਲਾਚੌਰ, 5 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਦਿਨੋਂ-ਦਿਨ ਗਰਮਾਉਂਦਾ ਜਾ ਰਿਹਾ ਹੈ। ਚੋਣਾਂ ਨੇੜੇ ਆਉਣ ਨਾਲ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਅਤੇ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸੇ ਲੜੀ ਤਹਿਤ ਪਿੰਡ ਬੱਛੂਆਂ ਵਿਖੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਪਿੰਡ ਵਾਸੀਆਂ ਵੱਲੋਂ ਸਤਨਾਮ ਜਲਾਲਪੁਰ ਦਾ ਨਿੱਘਾ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਕੇ ਲੋਕਾਂ ਦਾ ਭਰੋਸਾ ਜਿੱਤਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਹਰ ਵਰਗ ਨੂੰ ਹਰ ਮਹੀਨੇ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ ਅਤੇ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਪਾਰਦਰਸ਼ੀ ਢੰਗ ਨਾਲ ਸਰਕਾਰੀ



ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪਨਿਆਲੀ ਵਿਖੇ ਲਗਭਗ 214 ਕਰੋੜ ਰੁਪਏ ਦੀ ਲਾਗਤ ਨਾਲ ਲਿਫਟਿੰਗ ਸਿੰਚਾਈ ਸਕੀਮ ਸ਼ੁਰੂ ਕਰਕੇ ਕਿਸਾਨਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਵੱਡੀ ਮੰਗ ਨੂੰ ਪੂਰਾ ਕੀਤਾ ਗਿਆ ਹੈ, ਜਿਸ ਨਾਲ ਖੇਤੀਬਾੜੀ ਨੂੰ ਵੱਡਾ ਲਾਭ ਮਿਲੇਗਾ।ਮਹਿਲਾਵਾਂ ਦੀ ਭਲਾਈ ਦਾ ਜ਼ਿਕਰ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਐੱਸ.ਸੀ. ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਅਤੇ ਬੀ.ਸੀ. ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਯੋਜਨਾ ਸ਼ੁਰੂ ਕੀਤੀ ਹੈ। ਜਿਨ੍ਹਾਂ ਮਹਿਲਾਵਾਂ ਦੇ ਫਾਰਮ ਭਰੇ ਜਾ ਚੁੱਕੇ ਹਨ, ਉਨ੍ਹਾਂ ਦੇ ਖਾਤਿਆਂ ਵਿੱਚ ਵੀ ਜਲਦ ਹੀ ਇਹ ਰਕਮ ਆਉਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿੱਚ ਵੀ ਆਮ ਲੋਕਾਂ ਦੀ ਭਲਾਈ ਲਈ ਇਸੇ ਤਰ੍ਹਾਂ ਕੰਮ ਕਰਦੀ ਰਹੇਗੀ ਅਤੇ ਕਿਸੇ ਵੀ ਪਿੰਡ ਵਿੱਚ ਵਿਕਾਸ ਕਾਰਜ ਰੁਕਣ ਨਹੀਂ ਦਿੱਤੇ ਜਾਣਗੇ। ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆ ਕੇ ਹਰ ਪਿੰਡ ਦੀਆਂ ਲੋੜਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।ਇਸ ਮੌਕੇ ਪਿੰਡ ਵਾਸੀਆਂ ਨੇ ਸਤਨਾਮ ਜਲਾਲਪੁਰ ਦਾ ਵਿਸ਼ੇਸ਼ ਤੌਰ 'ਤੇ ਸੁੱਧਾ ਮਾਜਰਾ ਤੋਂ ਚਾਹਲਾਂ ਰੋਡ ਦੀ ਉਸਾਰੀ ਅਤੇ ਪਨਿਆਲੀ ਲਿਫਟਿੰਗ ਸਿੰਚਾਈ ਸਕੀਮ ਸ਼ੁਰੂ ਕਰਵਾਉਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨਾਲ ਇਲਾਕੇ ਦੇ ਲੋਕਾਂ ਨੂੰ ਵੱਡਾ ਲਾਭ ਮਿਲਿਆ ਹੈ।ਇਸ ਅਹਿਮ ਮੀਟਿੰਗ ਦੌਰਾਨ ਜਸਵਿੰਦਰ ਸਿੰਘ ਸਾਬਕਾ ਬਲਾਕ ਪ੍ਰਧਾਨ, ਸਰਪੰਚ ਕਮਲਦੀਪ ਸਿੰਘ ਬੱਛੂਆਂ, ਸਰਪੰਚ ਬਲਬੀਰ ਸਿੰਘ ਭੰਗੂ ਜੀਓਂਵਾਲ, ਜੋਗਿੰਦਰ ਪਾਲ, ਹਰਨੇਕ ਸਿੰਘ ਪਨਿਆਲੀ, ਹਰਪਾਲ ਸਿੰਘ, ਮਾਸਟਰ ਮਲਕੀਤ ਚੰਦ, ਪੰਡਿਤ ਸਰੂਪ ਲਾਲ, ਸੌਦਾਗਰ ਸਿੰਘ, ਬਲਵੀਰ ਸਿੰਘ ਮੀਲੂ ਬਲਾਕ ਪ੍ਰਧਾਨ ਟੌਂਸਾ, ਪਾਖਰ ਸਿੰਘ ਫੌਜੀ, ਗੁਰਪ੍ਰੀਤ ਸਿੰਘ ਸਰਪੰਚ ਜਗਤੇਵਾਲ, ਬਾਬਾ ਜਗਤਾਰ ਸਿੰਘ ਅਤੇ ਜੀਤ ਰਾਮ ਮੰਡੇਰਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸਵੈਇੱਛਿਕ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਲਈ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਜਨ-ਜਾਗਰੂਕਤਾ ਮੁਹਿੰਮ

## 'ਖ਼ੂਨਦਾਨ ਕਰੋ, ਜ਼ਿੰਦਗੀ ਬਚਾਓ' ਦਾ ਸੰਦੇਸ਼ ਦੇ ਕੇ ਪਿੰਡ ਮੀਰਪੁਰ ਜੱਟਾਂ ਵਿੱਚ ਕੱਢੀ ਜਾਗਰੂਕਤਾ ਰੈਲੀ

**ਨਵਾਂਸ਼ਹਿਰ, 5 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਸਵੈਇੱਛਿਕ ਖ਼ੂਨਦਾਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਖ਼ੂਨਦਾਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ (ਰਜਿ.) ਨਵਾਂਸ਼ਹਿਰ ਵੱਲੋਂ ਪਿੰਡ ਮੀਰਪੁਰ ਜੱਟਾਂ ਵਿੱਚ ਜਨ-ਜਾਗਰੂਕਤਾ ਮੁਹਿੰਮ ਤਹਿਤ ਖ਼ੂਨਦਾਨ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਦੀ ਸ਼ੁਰੂਆਤ ਗੁਰਦੁਆਰਾ ਸਿੰਘ ਸਭਾ ਤੋਂ ਹੋਈ, ਜਿਸ ਵਿੱਚ ਕਲੱਬ ਦੇ ਇੰਟਰਨਸ਼ਿਪ ਪ੍ਰੋਗਰਾਮ ਅਧੀਨ ਐੱਸ.ਡੀ.ਐੱਸ. ਕਾਲਜ ਜਾਡਲਾ ਦੇ ਲਗਭਗ 25 ਵਲੰਟੀਅਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਰੈਲੀ ਦੌਰਾਨ ਨੌਜਵਾਨਾਂ ਨੇ ਹੱਥਾਂ ਵਿੱਚ ਜਾਗਰੂਕਤਾ ਸੰਦੇਸ਼ ਵਾਲੀਆਂ ਤਖ਼ਤੀਆਂ ਫੜ ਕੇ ਪਿੰਡ ਦੀਆਂ ਵੱਖ-ਵੱਖ ਗਲੀਆਂ ਵਿੱਚ ਮਾਰਚ ਕੀਤਾ ਅਤੇ ਲੋਕਾਂ ਨੂੰ "ਖ਼ੂਨਦਾਨ ਕਰੋ, ਜ਼ਿੰਦਗੀ ਬਚਾਓ" ਦਾ ਸੰਦੇਸ਼ ਦਿੱਤਾ। ਵਲੰਟੀਅਰਾਂ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਸਵੈਇੱਛਿਕ ਖ਼ੂਨਦਾਨ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਕਿਸੇ ਲੋੜਵੰਦ ਮਰੀਜ਼ ਲਈ ਜੀਵਨਦਾਨ ਸਾਬਤ ਹੋ ਸਕਦਾ ਹੈ। ਉਨ੍ਹਾਂ ਨੇ ਤੰਦਰੁਸਤ ਨਾਗਰਿਕਾਂ ਨੂੰ ਨਿਯਮਿਤ ਤੌਰ 'ਤੇ ਖ਼ੂਨਦਾਨ ਕਰਨ ਅਤੇ ਹੋਰਨਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ। ਰੈਲੀ ਦੀ ਸ਼ੁਰੂਆਤ ਮੌਕੇ ਪਿੰਡ ਦੇ ਸਰਪੰਚ ਸੁਭਾਸ਼ ਪੌਡਵਾਲ, ਡਾ. ਜਸਪਾਲ ਸਿੰਘ, ਮਾਸਟਰ ਦਿਲਦਾਰ ਸਿੰਘ, ਜੁਝਾਰ ਸਿੰਘ ਅਤੇ ਜਾਗੀਰ ਸਿੰਘ ਹਾਜ਼ਰ ਰਹੇ। ਉਨ੍ਹਾਂ ਨੇ ਸਵੈਇੱਛਿਕ ਖ਼ੂਨਦਾਨ ਨੂੰ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਦੱਸਦਿਆਂ ਲੋਕਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਕਲੱਬ ਦੇ ਮੈਂਬਰ ਡਾ. ਕੁਲਵਿੰਦਰ ਨੇ ਖ਼ੂਨਦਾਨ ਨਾਲ ਜੁੜੀਆਂ ਗਲਤ ਧਾਰਣਾਵਾਂ ਨੂੰ ਦੂਰ ਕਰਦਿਆਂ ਕਿਹਾ ਕਿ ਖ਼ੂਨ ਦੀ ਇੱਕ ਯੂਨਿਟ ਨਾਲ ਤਿੰਨ ਮਰੀਜ਼ਾਂ ਤੱਕ ਮਦਦ ਪਹੁੰਚਾਈ ਜਾ ਸਕਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਸਮਾਜ ਦੀ ਭਲਾਈ ਲਈ ਨਿਯਮਿਤ ਖ਼ੂਨਦਾਨ ਕਰਨ ਅਤੇ ਇਸ ਪੁੰਨ ਦੇ ਕਾਰਜ ਨਾਲ ਜੁੜਨ ਦੀ ਅਪੀਲ ਕੀਤੀ। ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਦੇ ਪ੍ਰਧਾਨ ਅਤੇ ਸੰਸਥਾਪਕ ਅੰਕੁਸ਼ ਨਿਝਾਵਨ ਨੇ ਕਿਹਾ ਕਿ ਕਲੱਬ ਵੱਲੋਂ ਲਗਾਤਾਰ ਜਨ-ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਸਵੈਇੱਛਿਕ ਖ਼ੂਨਦਾਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਇੱਕ ਅਜਿਹਾ ਮਹਾਦਾਨ ਹੈ, ਜਿਸ ਨਾਲ ਬਿਨਾਂ ਕਿਸੇ ਖ਼ਰਚੇ ਦੇ ਕਿਸੇ ਅਣਜਾਣ ਵਿਅਕਤੀ ਦੀ ਜਾਨ ਬਚਾਈ ਜਾ ਸਕਦੀ ਹੈ। ਉਨ੍ਹਾਂ ਨੇ ਸਮੂਹ ਇਲਾਕਾ ਵਾਸੀਆਂ ਨੂੰ 6 ਜੁਲਾਈ ਨੂੰ ਆਯੋਜਿਤ ਖ਼ੂਨਦਾਨ ਕੈਂਪ ਵਿੱਚ ਪਹੁੰਚ ਕੇ ਖ਼ੂਨਦਾਨ ਕਰਨ ਅਤੇ ਇਸ ਸਮਾਜ ਸੇਵੀ ਮੁਹਿੰਮ ਨੂੰ ਕਾਮਯਾਬ ਬਣਾਉਣ ਦੀ ਅਪੀਲ ਕੀਤੀ। ਰੈਲੀ ਦੌਰਾਨ ਪਿੰਡ ਵਾਸੀਆਂ ਨੇ ਵੀ ਇਸ ਮੁਹਿੰਮ ਦਾ ਸਮਰਥਨ ਕਰਦਿਆਂ ਖ਼ੂਨਦਾਨ ਪ੍ਰਤੀ ਸਕਾਰਾਤਮਕ ਹੁੰਗਾਰਾ ਭਰਿਆ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਇਹ ਸੰਦੇਸ਼ ਪਹੁੰਚਾਉਣ ਦਾ ਸੰਕਲਪ ਲਿਆ।




**ਪਿੰਡ ਮੀਰਪੁਰ ਜੱਟਾਂ ਵਿੱਚ ਸਵੈਇੱਛਿਕ ਖ਼ੂਨਦਾਨ ਪ੍ਰਤੀ ਜਾਗਰੂਕਤਾ ਰੈਲੀ ਕੱਢਦੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਦੇ ਅਹੁਦੇਦਾਰ, ਐੱਸ.ਡੀ.ਐੱਸ. ਕਾਲਜ ਜਾਡਲਾ ਦੇ ਇੰਟਰਨ ਵਲੰਟੀਅਰ ਅਤੇ ਪਿੰਡ ਦੇ ਪਤਵੰਤੇ।**

# ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੇ ਹਿੱਤਰਾਜ ਚੌਧਰੀ ਜੰਡੀ ਅਤੇ ਸੰਜੇ ਰਾਣਾ ਦਾ ਸਿਰੋਪਾਓ ਪਾ ਕੇ ਕੀਤਾ ਵਿਸ਼ੇਸ਼ ਸਨਮਾਨ


## ਹਿੱਤਰਾਜ ਚੌਧਰੀ ਜੰਡੀ ਨਵਾਂਸ਼ਹਿਰ ਦੇ ਜ਼ਿਲ੍ਹਾ ਯੂਥ ਪ੍ਰਧਾਨ ਅਤੇ ਸੰਜੇ ਰਾਣਾ ਹਲਕਾ ਯੂਥ ਪ੍ਰਧਾਨ ਨਿਯੁਕਤ, ਸੈਣੀ ਨੇ ਦਿੱਤੀਆਂ ਸ਼ੁਭਕਾਮਨਾਵਾਂ

**ਨਵਾਂਸ਼ਹਿਰ, 5 ਜੁਲਾਈ(ਜਤਿੰਦਰਪਾਲ ਸਿੰਘ ਕਲੇਰ):** ਯੂਥ ਕਾਂਗਰਸ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੇ ਮਕਸਦ ਨਾਲ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਤਹਿਤ ਹਿੱਤਰਾਜ ਚੌਧਰੀ ਜੰਡੀ ਨੂੰ ਨਵਾਂਸ਼ਹਿਰ ਦਾ ਜ਼ਿਲ੍ਹਾ ਯੂਥ ਪ੍ਰਧਾਨ ਅਤੇ ਸੰਜੇ ਰਾਣਾ ਨੂੰ ਨਵਾਂਸ਼ਹਿਰ ਹਲਕਾ ਯੂਥ ਪ੍ਰਧਾਨ ਥਾਪਿਆ ਗਿਆ ਹੈ। ਇਨ੍ਹਾਂ ਨਵ-ਨਿਯੁਕਤ ਆਗੂਆਂ ਦੇ ਸਨਮਾਨ ਵਿੱਚ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਐਮ.ਐਲ.ਏ. ਅੰਗਦ ਸਿੰਘ ਸੈਣੀ ਦੇ ਨਵਾਂਸ਼ਹਿਰ ਸਥਿਤ ਗ੍ਰਹਿ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੇ ਆਪਣੇ ਗ੍ਰਹਿ ਵਿਖੇ ਪਹੁੰਚਣ 'ਤੇ ਦੋਵਾਂ ਨਵ-ਨਿਯੁਕਤ ਯੂਥ ਆਗੂਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।ਇਸ ਦੌਰਾਨ ਦੋਵਾਂ ਆਗੂਆਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਦਿਲੋਂ ਬਹੁਤ-ਬਹੁਤ ਵਧਾਈਆਂ ਦਿੰਦਿਆਂ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਦੋਵੇਂ ਨੌਜਵਾਨ ਆਗੂ ਆਪਣੀ ਇਸ ਨਵੀਂ ਅਤੇ ਅਹਿਮ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਸਖ਼ਤ ਮਿਹਨਤ ਅਤੇ ਸੱਚੇ ਸਮਰਪਣ ਦੀ ਭਾਵਨਾ ਨਾਲ ਨਿਭਾਉਣਗੇ। ਉਨ੍ਹਾਂ ਉਮੀਦ ਜਤਾਈ ਕਿ ਹਿੱਤਰਾਜ ਚੌਧਰੀ ਜੰਡੀ ਅਤੇ ਸੰਜੇ ਰਾਣਾ ਦੀ ਅਗਵਾਈ ਵਿੱਚ ਯੂਥ ਕਾਂਗਰਸ ਇਲਾਕੇ ਅੰਦਰ ਪਹਿਲਾਂ ਨਾਲੋਂ ਹੋਰ ਜ਼ਿਆਦਾ ਮਜ਼ਬੂਤ ਹੋ ਕੇ ਉੱਭਰੇਗੀ। ਅੰਗਦ ਸੈਣੀ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਅੱਜ ਦੇ ਸਿਆਸੀ ਦੌਰ ਵਿੱਚ ਨੌਜਵਾਨਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਬਹੁਤ ਜ਼ਰੂਰੀ ਹੈ ਅਤੇ ਇਹ ਦੋਵੇਂ ਆਗੂ ਨੌਜਵਾਨ ਵਰਗ ਦੇ ਮਸਲਿਆਂ ਨੂੰ ਹੱਲ ਕਰਵਾਉਣ ਅਤੇ ਉਨ੍ਹਾਂ ਦੇ ਹੱਕਾਂ ਲਈ ਲੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਅਖੀਰ ਵਿੱਚ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨੇ ਦੋਵਾਂ ਨੌਜਵਾਨ ਆਗੂਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਇੱਕ ਸਫਲ ਤੇ ਸ਼ਾਨਦਾਰ ਕਾਰਜਕਾਲ ਲਈ ਆਪਣੀਆਂ ਹਾਰਦਿਕ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ, ਜਿਨ੍ਹਾਂ ਨੇ ਨਵ-ਨਿਯੁਕਤ ਆਗੂਆਂ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਸਾਂਝੀ ਕੀਤੀ।



# ਪੰਜਾਬ 'ਚ ਕਿਸਾਨਾਂ ਦੀ ਆਰਥਿਕਤਾ ਸੁਧਾਰਨ ਲਈ ਹਰਿਆਣਾ ਦੀ ਤਰਜ਼ 'ਤੇ ਐਮਐਸਪੀ ਅਤੇ ਪੋਸਤ ਦੀ ਖੇਤੀ ਦੀ ਮਿਲਣੀ ਚਾਹੀਦੀ ਹੈ ਇਜਾਜ਼ਤ: ਭਾਜਪਾ ਆਗੂ ਜਸਵੰਤ ਸਿੰਘ ਵਰਿਆਮ

**ਨਵਾਂਸ਼ਹਿਰ , 5 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ) :** ਭਾਜਪਾ ਕਿਸਾਨ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਵਰਿਆਮ ਕੰਗਣਾ ਨੇ ਪੰਜਾਬ ਦੇ ਕਿਸਾਨਾਂ ਅਤੇ ਮੌਜੂਦਾ ਹਾਲਾਤਾਂ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਪੰਜਾਬ ਅੰਦਰ ਅਜਿਹੀਆਂ ਸਕੀਮਾਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਅਸਲ ਸੁਧਾਰ ਆ ਸਕੇ। ਉਨ੍ਹਾਂ ਕਿਹਾ ਕਿ ਇੱਕ ਤਾਂ ਫਸਲਾਂ 'ਤੇ ਹਰਿਆਣਾ ਦੀ ਤਰਜ਼ 'ਤੇ ਐਮ.ਐਸ.ਪੀ. ਵਗੈਰਾ ਜ਼ਿਆਦਾ ਦੇਣੀ ਚਾਹੀਦੀ ਹੈ ਅਤੇ ਦੂਸਰਾ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਦੂਜੇ ਸੂਬਿਆਂ ਵਾਂਗ ਪੰਜਾਬ ਵਿੱਚ ਵੀ ਪੋਸਤ ਦੀ ਖੇਤੀ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਜਿੱਥੇ ਕਿਸਾਨਾਂ ਦਾ ਮੁਨਾਫਾ ਵਧੇਗਾ, ਉੱਥੇ ਹੀ ਦੂਜੇ ਪਾਸੇ ਲੋਕ 'ਚਿੱਟੇ' ਵਰਗੇ ਘਾਤਕ ਤੇ ਸਖ਼ਤ ਨਸ਼ੇ ਨੂੰ ਛੱਡ ਕੇ ਇਸ ਪਾਸੇ ਆ ਜਾਣਗੇ, ਜੋ ਕਿ ਮਨੁੱਖਤਾ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ।



ਆਪਣੇ ਤਜ਼ਰਬੇ ਦਾ ਹਵਾਲਾ ਦਿੰਦੇ ਹੋਏ ਜਸਵੰਤ ਵਰਿਆਮ ਨੇ ਦੱਸਿਆ ਕਿ ਸਾਲ 1983-84 ਦੌਰਾਨ ਜਦੋਂ ਉਹ ਵਿਦੇਸ਼ ਵਿੱਚ ਸਨ, ਤਾਂ ਉੱਥੇ ਉਸ ਵੇਲੇ ਚਿੱਟੇ ਵਰਗੇ ਨਸ਼ਿਆਂ ਦਾ ਪ੍ਰਕੋਪ ਬਹੁਤ ਜ਼ਿਆਦਾ ਵਧ ਗਿਆ ਸੀ। ਉਸ ਸਮੇਂ ਉੱਥੋਂ ਦੀ ਸਰਕਾਰ ਨੇ ਇਸ ਮਾਰੂ ਨਸ਼ੇ 'ਤੇ ਨਕੇਲ ਕਸਣ ਲਈ ਕੁਝ ਪਾਬੰਦੀਸ਼ੁਦਾ ਦਵਾਈਆਂ ਤੋਂ ਬੈਨ ਹਟਾ ਦਿੱਤਾ ਸੀ ਅਤੇ ਬੀਅਰ ਦੀ ਬੋਤਲ ਨੂੰ ਪਾਣੀ ਦੀ ਬੋਤਲ ਨਾਲੋਂ ਵੀ ਸਸਤਾ ਕਰ ਦਿੱਤਾ ਸੀ, ਤਾਂ ਜੋ ਲੋਕ ਚਿੱਟੇ ਵਰਗੇ ਭੈੜੇ ਨਸ਼ੇ ਨੂੰ ਛੱਡ ਕੇ ਇਸ ਪਾਸੇ ਲੱਗ ਜਾਣ।ਉਨ੍ਹਾਂ ਉਮੀਦ ਜਤਾਉਂਦਿਆਂ ਕਿਹਾ ਕਿ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਆਉਣ 'ਤੇ ਉਹ ਕਿਸਾਨਾਂ ਅਤੇ ਨਸ਼ਿਆਂ ਨਾਲ ਜੁੜੇ ਇਨ੍ਹਾਂ ਗੰਭੀਰ ਮਸਲਿਆਂ ਦੇ ਹੱਲ ਲਈ ਪਾਰਟੀ ਦੀ ਹਾਈਕਮਾਂਡ ਨੂੰ ਵੀ ਵਿਸ਼ੇਸ਼ ਤੌਰ 'ਤੇ ਬੇਨਤੀ ਕਰਨਗੇ।



**ਇਲੈਕਸ਼ਨ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਿੰਡ ਰੈਲ ਮਾਜਰਾ ਵਿਖੇ ਐਸ.ਆਈ.ਆਰ. 2026 ਦਾ ਵੋਟਰ ਫਾਰਮ ਭਰਦੇ ਹੋਏ ਬੀ.ਐਲ.ਓ. ਮਾਸਟਰ ਦੇਸ ਰਾਜ ਅਤੇ ਬੀ.ਐਲ.ਓ. ਸ਼ੁਭਮ। ਇਸ ਮੌਕੇ ਰਾਮ ਜੀ ਦਾਸ, ਹਰਮੇਸ਼ ਲਾਲ, ਚਰਨਦਾਸ, ਗਗਨਦੀਪ, ਹਰਪ੍ਰੀਤ , ਹਜਾਰੀ ਲਾਲ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ। ਫੋਟੋ ਤੇ ਵੇਰਵਾ :(ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ )**

# ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ 'ਚ ਰੂਚੀ ਲੈਣ : ਤਹਿਸੀਲਦਾਰ ਮਕਨਾ

**ਬਲਾਚੌਰ 5 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ )** ਅਜੋਕੇ ਸਮੇਂ ਪੰਜਾਬ ਦੀ ਜਵਾਨੀ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਅਤੇ ਖੇਡਾਂ ਵਿਚ ਵੱਧ ਤੋਂ ਵੱਧ ਰੂਚੀ ਲਵੇ ਤਾਂ ਜੋ ਨੌਜਵਾਨਾਂ ਤੰਦਰੁਸਤ ਰਹਿਣ ਦੇ ਨਾਲ਼ ਨਾਲ਼ ਖੇਡਾਂ ਵਿਚ ਵੀ ਆਪਣਾ ਭਵਿੱਖ ਉੱਜਵਲ ਕਰ ਸਕਣ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਚੌਰ ਦੇ ਤਹਿਸੀਲਦਾਰ ਅਤੇ ਪੰਜਾਬੀ ਫਿਲਮਾਂ ਦੇ ਉੱਘੇ ਸਿਤਾਰੇ ਗੁਰਿੰਦਰ ਸਿੰਘ ਮਕਨਾ ਨੇ ਪਿੰਡ ਟਕਾਰਲਾ ਵਿਖੇ ਕ੍ਰਿਕਟ ਲੀਗ ਟੂਰਨਾਮੈਂਟ ਦਾ ਉਦਘਾਟਨ ਕਰਨ ਉਪਰੰਤ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕ੍ਰਿਕਟ ਲੀਗ ਦੇ ਪ੍ਰਬੰਧਕਾਂ ਨੂੰ ਟੂਰਨਾਮੈਂਟ ਕਰਵਾਉਣ ਦੀ ਵਧਾਈ ਦਿੱਤੀ। ਇਸ ਮੌਕੇ ਟਕਾਰਲਾ ਗਰਾਮ ਪੰਚਾਇਤ ਅਤੇ ਨੌਗੱਜਾ ਪੀਰ ਸਪੋਰਟਸ ਕਲੱਬ ਵਲੋਂ ਤਹਿਸੀਲਦਾਰ ਗੁਰਿੰਦਰ ਸਿੰਘ ਮਕਨਾ ਦਾ ਵਿਸ਼ੇਸ਼



ਤੌਰ ਤੇ ਸਨਮਾਨ ਕੀਤਾ। ਕ੍ਰਿਕਟ ਲੀਗ ਵਿਚ ਪਹਿਲਾ ਸ਼ਾਨਦਾਰ ਮੈਚ ਪਿੰਡ ਬੂਥਗੜ੍ਹ ਅਤੇ ਟਕਾਰਲਾ ਦੀਆਂ ਟੀਮਾਂ ਵਿਚਕਾਰ ਹੋਇਆ। ਇਸ ਮੌਕੇ ਤਹਿਸੀਲ ਦਫ਼ਤਰ ਤੋਂ ਏ. ਐੱਸ. ਐੱਮ. ਅਮਨਦੀਪ ਸਿੰਘ ਚੇਚੀ, ਸਰਪੰਚ ਮਹਾਂਵੀਰ ਸਿੰਘ, ਬਲਵੀਰ ਸਿਆਣ, ਸੁਖਦੇਵ ਸਿੰਘ ਪੰਜਾਬ ਪੁਲਿਸ, ਰਾਕੇਸ਼ ਕੁਮਾਰ ਕਾਕੂ ਫ਼ੌਜੀ, ਨਰਿੰਦਰ ਹੱਕਲਾ, ਅਮਿਤ ਬਿੰਨੀ ਸ਼ਰਮਾ ਸਮੇਤ ਹੋਰ ਪਤਵੰਤੇ, ਪਿੰਡ ਵਾਸੀ ਅਤੇ ਖਿਡਾਰੀ ਹਾਜ਼ਰ ਸਨ।

# ਨੇਕ ਦਿਲ, ਸ਼ਰੀਫ਼ ਅਤੇ ਪੜ੍ਹੇ-ਲਿਖੇ ਆਗੂ ਸੰਦੀਪ ਚੋਧਰੀ (ਹਨੀ ਟੌਂਸਾ) ਨੇ ਹਲਕਾ ਬਲਾਚੌਰ ਦੀ ਸੰਗਤ ਪ੍ਰਤੀ ਜਤਾਈ ਵਚਨਬੱਧਤਾ

**ਬਲਾਚੌਰ , 4 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ) :** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਅਤੇ ਹਲਕੇ ਦੇ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ। ਜ਼ਿਕਰਯੋਗ ਹੈ ਕਿ ਸੰਦੀਪ ਚੌਧਰੀ ਹਨੀ ਟੌਂਸਾ ਇੱਕ ਨਾਮਵਰ ਟਕਸਾਲੀ ਅਕਾਲੀ ਪਰਿਵਾਰ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਦਾ ਪਰਿਵਾਰ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਚੱਟਾਨ ਵਾਂਗ ਜੁੜਿਆ ਹੋਇਆ ਹੈ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਨਿਰੰਤਰ ਯੋਗਦਾਨ ਪਾਉਂਦਾ ਆ ਰਿਹਾ ਹੈ। ਆਪਣੇ ਪਰਿਵਾਰਕ ਪਿਛੋਕੜ ਅਤੇ ਸਿਆਸੀ ਵਿਰ-ਾਸਤ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਸੇਵਾ ਦੀ ਇਹ ਗੁੜ੍ਹਤੀ ਆਪਣੇ ਨਾਨਾ ਚੌਧਰੀ ਤੁਲਸੀ ਰਾਮ ਚੌਹਾਨ ਅਤੇ ਮਾਮਾ ਚੌਧਰੀ ਨੰਦ ਲਾਲ (ਸਾਬਕਾ ਸੰਸਦੀ



ਸਕੱਤਰ, ਪੰਜਾਬ ਸਰਕਾਰ) ਤੋਂ ਮਿਲੀ ਹੈ, ਜਿਨ੍ਹਾਂ ਨੇ ਇਲਾਕੇ ਦੀ ਸੇਵਾ ਵਿੱਚ ਲੰਮਾ ਸਮਾਂ ਲਗਾਇਆ ਹੈ। ਹਲਕਾ ਬਲਾਚੌਰ ਦੀ ਸੰਗਤ ਅਤੇ ਸਥਾਨਕ ਲੋਕਾਂ ਵਿੱਚ ਸੰਦੀਪ ਚੌਧਰੀ ਹਨੀ ਟੌਂਸਾ ਨੂੰ ਇੱਕ ਨੇਕ ਦਿਲ, ਸ਼ਰੀਫ਼ ਸੁਭਾਅ ਅਤੇ ਪੜ੍ਹੇ-ਲਿਖੇ ਸੂਝਵਾਨ ਆਗੂ ਵਜੋਂ ਦੇਖਿਆ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਹਰ ਇੱਕ ਦੇ ਦੁੱਖ-ਸੁੱਖ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਸ਼ਾਮਲ ਹੁੰਦੇ ਹਨ। ਆਪਣੇ ਬਿਆਨ ਵਿੱਚ ਹਲਕਾ ਇੰਚਾਰਜ ਨੇ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ ਅਤੇ ਹਲਕਾ ਬਲਾਚੌਰ ਦੇ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣਾ ਹੀ ਉਨ੍ਹਾਂ ਦਾ ਮੁੱਖ ਮਨੋਰਥ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਹਰ ਨਾਗਰਿਕ ਦੀ ਆਵਾਜ਼ ਨੂੰ ਪ੍ਰਮੁੱਖਤਾ ਨਾਲ ਚੁੱਕਿਆ ਜਾਵੇਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇਗਾ।

# (ਤਨਹਾਈ ਨੇ ਐਨਾ ਰੁਆਇਆ)

ਸਾਨੂੰ ਰੋਣ ਤਰੀਕਾ ਫਿਰ ਵੀ ਨਾ ਆਇਆ, ਤਨਹਾਈ ਨੇ ਇਤਨਾ ਰੁਵਾਇਆ। ਪੰਜਾਬ ਦੀ ਵਿਰੋਧੀ ਧਿਰ ਸਾਰਾ ਦਿਨ ਰੋਉਂ ਰੋਉਂ ਕਰਦੀ, ਪਰ ਇਸ ਨੂੰ ਰੋਣ ਤਰੀਕਾ ਸਮਝ ਨਾ ਆਇਆ। ਵੱਡੇ ਵੱਡੇ ਅਕਲ ਲਤੀਫ ਬੈਠੇ, ਜਨਤਾ ਨੂੰ ਮੂਰਖ ਬਣਾ ਕੇ ਆਪਣੇ ਪਿੱਛੇ ਲਾਇਆ। ਕੌਣ ਕਹੇ ਰਾਣੀ ਨੂੰ ਅੱਗਾ ਢੱਕ, ਅੱਗ ਲੱਗੀ, ਅੱਗ ਲੱਗੀ, ਦਾ ਰੌਲਾ ਪਾਇਆ। ਡਾਢੇ ਅਕਾਲ ਪੁਰਖ ਅੱਗੇ ਕਿਸੇ ਦਾ ਜ਼ੋਰ ਨ੍ਹੀਂ ਚੱਲਦਾ, ਦਿਨ ਪਰ ਦਿਨ, ਇਨ੍ਹਾਂ ਦਾ ਹੁੰਦਾ ਜਾਂਦਾ ਸਫਾਇਆ।

ਦੋ ਏਕਿਆਂ ਤੋਂ ਇਨ੍ਹਾਂ ਨੂੰ ਗਿਆਰਾਂ ਬਣਾਉਣੇ ਨ੍ਹੀਂ ਆਉਂਦੇ, ਜਦੋਂ ਗੱਡੀ ਲੰਘ ਜਾਂਦੀ, ਬੰਦੇ ਕੱਟ ਜਾਂਦੇ ਫਿਰ ਪਛਤਾਉਂਦੇ। ਲਿਆਕਤ ਮੁਤਾਬਕ ਪਾਰਟੀ ਵਿੱਚ ਰੈਂਕ ਨੇ ਮਿਲਦੇ। ਫਿਰ ਵੀ ਲਾਲਚ ਇਨ੍ਹਾਂ ਦੇ ਵਧਦੇ ਰਹਿੰਦੇ। ਜਦੋਂ ਇਨ੍ਹਾਂ ਦਾ ਹੰਕਾਰ ਸਿਖਰਾਂ ਉੱਤੇ ਹੁੰਦਾ, ਬਗਾਵਤ ਦੇ ਝੰਡੇ ਲਹਿਰਾਉਂਦੇ।



ਜਦੋਂ ਫੂਕ ਨਿਕਲ ਜਾਂਦੀ, ਫਿਰ ਆਲੇ ਕੌਲੇ ਲੱਭਦੇ, ਨਾਲੇ ਪਛਤਾਉਂਦੇ। ਕੀਹਦੀ ਮਾਂ ਨੂੰ ਮਾਸੀ ਕਹਿਣ, ਕੋਈ ਜਾਤ ਨਹੀਂ ਪੁੱਛਦਾ,ਅਪਣੀ ਗਰਮੀ ਵਿੱਚ ਆਪ ਹੀ ਰਹੇ ਭੁਜਦਾ। ਆਸ਼ਿਕਾਂ ਨੂੰ ਤਨਹਾਈ ਮਾਰਦੀ, ਮਾਸ਼ੂਕਾ ਜੇ ਮਿਲ ਜਾਵੇ,ਸੀਨਾ ਠਾਰਦੀ। ਜ਼ਮਾਨਾ ਐਸਾ ਆ ਗਿਆ, ਸੱਚੇ ਪੱਕੇ ਆਸ਼ਿਕ ਨਹੀਂ ਰਹੇ। ਮਾਮੂਲੀ ਗੱਲਾਂ ਤੇ ਗੋਲੀਆਂ ਨਾਲ ਭੁੰਨ ਨੇ ਰਹੇ।

ਵਿਆਹੇ ਵਰੇ ਮੁੰਡੇ ਕੁੜੀਆਂ, ਬੱਚਿਆਂ ਵਾਲੇ, ਆਸ਼ਿਕੀ ਦੀ ਪਾਣ ਐਸੀ ਚੜ੍ਹਦੀ, ਖ਼ੁਦਕੁਸ਼ੀਆਂ ਨੇ ਕਰਦੇ। ਮਾਸੂਮ ਬੱਚਿਆਂ ਨੂੰ, ਅੰਧਕਾਰ ਵਿੱਚ ਰੁਲਣ ਲਈ ਨੇ ਛੱਡਦੇ। ਕਮਾਉਣ ਦੀ ਸਮਰੱਥਾ ਨਹੀਂ, ਵੱਡੇ ਆਸ਼ਿਕ ਬਣਦੇ। ਕਈ ਪਰਿਵਾਰਾਂ ਦੀ ਬਰਬਾਦੀ ਦਾ ਕਾਰਨ ਬਣਦੇ। ਖ਼ੁਦਾ ਬਚਾਵੇ ਅਜਿਹੇ ਨੌਜਵਾਨਾਂ ਤੋਂ, ਸਮਾਜ ਦੀ ਨੀਂਹ ਕਮਜ਼ੋਰ ਨੇ ਕਰਦੇ,ਕੌਕਰੋਚਾਂ ਵਾਂਗੂੰ ਲੁਕ ਛਿਪ ਕੇ ਮੌਤ ਤੋਂ ਡਰਦੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**



## ਤੇਰੇ ਤੁਰ ਜਾਣ ਤੋਂ ਮਗਰੋਂ



ਗੱਲ ਗੱਲ 'ਤੇ ਸਾਡਾ ਜ਼ਿਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।
ਜਿਹੜੀ ਤੇਰੇ ਵਾਂਗੂੰ ਫ਼ਿਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।
ਕੁਝ ਵੀ ਬਿਨ ਕਰਿਆਂ ਤੋਂ ਸ਼ੁਕਰਾਨਾ,
ਤੂੰ ਜਿਉਂ ਕਰਦੀ ਹੁੰਦੀ ਸੀ ;
ਤੇਰੇ ਵਾਂਗ ਸਬਰ ਤੇ ਸ਼ੁਕਰ ਕਰੇ ,
ਕੋਈ ਮੁੜ ਕੇ ਨਹੀਂ ਮਿਲ਼ੀ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

## ਕੁਝ ਕਹਿ ਕੇ ਹੀ ਜੇ ਕਿਹਾ....

ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਸਹਿ ਕੇ ਵੀ ਜੇ ਕਿਹਾ
ਤਾਂ ਕੀ ਸਹਿਆ ?
ਗੱਲ ਤਾਂ ਸੀ ਕੁਝ ਦੱਸਣ ਦੀ ,
ਪਰ ਸਾਥੋਂ ਦੱਸਿਆ ਹੀ ਨਾ ਗਿਆ
ਸਾਥੋਂ ਦੱਸਿਆ ਹੀ ਨਾ ਗਿਆ।
ਦੋ ਪਲ ਤੇਰੇ ਕੋਲ਼ ਬੈਠ ਕੇ
ਤੇਰੇ ਨਾਲ ਸਾਥੋਂ ਹੱਸਿਆ ਵੀ ਨਾ ਗਿਆ।
ਰੋਂਦੇ ਰਹੇ ਕਦੇ ਕਿਸਮਤ ਨੂੰ
ਕਦੇ ਭਟਕਾਉਂਦੇ ਰਹੇ ਆਪਣੇ - ਆਪ ਨੂੰ
ਗਮ ਅਸਲੀ ਸੀ ਜੋ ਮਨ ਅੰਦਰ
ਗਮ ਅਸਲੀ ਸੀ ਜੋ ਮਨ ਅੰਦਰ ,
ਸੱਜਣਾ ! ਉਹ ਗਮ ਕਦੇ ਤੈਨੂੰ
ਸਾਥੋਂ ਦੱਸਿਆ ਹੀ ਨਾ ਗਿਆ।
ਸੋਚਦੇ ਰਹੇ ਅਸੀਂ ਇਹੋ
ਕਿ ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਗਮ ਮਨ ਵਿੱਚ ਹੀ ਰਿਹਾ
ਤੇ ਤੈਨੂੰ ਕਦੇ ਦੱਸਿਆ ਹੀ ਨਾ ਗਿਆ ,
ਗਮ ਬੋਲ ਕੇ ਹੀ ਜੇ ਕਿਹਾ
ਤਾਂ ਸੱਜਣਾ ! ਕੀ ਕਿਹਾ ?
ਫਿਕਰਾਂ 'ਚ ਲੰਘ ਗਈ ਜ਼ਿੰਦਗੀ
ਪਰ ਤੈਥੋਂ ਸਾਡਾ ਫਿਕਰ
ਸਮਝਿਆ ਹੀ ਨਾ ਗਿਆ।
ਮਨ ਦਾ ਗਮ ਤੇਰੇ ਕੋਲ
ਬੈਠ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?



ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356


## ਗੀਤ

ਮੁੰਡਾ
ਸੁੱਤਰਾ ਹਵਾਲੇ ਤੋਂ ਜੀ ਆਈ ਆ ਖ਼ਬਰ
ਪਾਰਟੀ ਦੇ ਵਿੱਚ ਕਹਿੰਦੇ ਪੈਂਦੀ ਨੀ ਕਦਰ
ਕਾਂਗਰਸ ਪਾਰਟੀ ਵੀ ਹੋ ਗਈ ਖੇਰੂ-ਖੇਰੂ
ਕਾਂਗਰਸ ਪਾਰਟੀ ਵੀ ਹੋ ਗਈ ਖੇਰੂ-ਖੇਰੂ
ਉਹ ਦੱਸਦੇ ਮਾਰਦੇ ਲੇਰਾਂ,,,,,,
ਸੀ.ਐਮ ਐਕਟੀ ਬਣਾਉਣ ਵਾਸਤੇ
ਕੋਈ ਮਿਲਦਾ ਨੀ ਚੰਗਾ ਜਿਹਾ ਚਿਹਰਾ

ਕੁੜੀ
ਵਾਦਿਆਂ ਦਾ ਪੱਕਾ, ਪੱਕੇ ਰੱਖਦਾ ਅਸੂਲ
ਕਈਆਂ ਦੇ ਵੇ ਢਿੱਡ ਐਵੇਂ ਹੁੰਦੀ ਰਹੇ ਸੂਲ
ਪਹਿਲਿਆਂ ਨੇ ਵਸਣ ਨੀ ਦੇਣਾ ਪੰਜਾਬ
ਪਹਿਲਿਆਂ ਨੇ ਵਸਣ ਨੀ ਦੇਣਾ ਪੰਜਾਬ
ਨਸ਼ਿਆਂ ਦੇ ਵਿੱਚ ਪਾਈ ਰੱਖਣਾ
ਕਿੰਨੇ ਬੰਦੇ ਖਾਰ ਖਾਂਦੇ ਚੰਨੀ ਸਾਬ ਤੋਂ
ਉਹਦੇ ਵਰਗਾ ਬੰਦਾ ਨੀ ਕਿਤੇ ਲੱਭਣਾ,,,,,

ਮੁੰਡਾ
ਸੱਤਾਂ 'ਚ ਰਿਹਾ ਸੀ ਭਾਵੇਂ ਚੰਨੀ ਮਹੀਨੇ ਚਾਰ ਨੀ
ਮੋਦੀ ਨੂੰ ਦਿੱਤਾ ਸੀ ਇੱਕ ਵਾਰੀ ਲਲਕਾਰ ਨੀ
ਮਾਰੀ ਸੀ ਬੜਕ ਉਹਨੇ, ਖੜ੍ਹਨ ਨੀ ਦਿੱਤਾ
ਰੱਖ ਕੇ ਪਹਾੜ ਜਿੰਨਾ ਜੇਰਾ
ਸੀ.ਐਮ ਐਕਟੀ ਬਣਾਉਣ ਵਾਸਤੇ ਕੋਈ
ਮਿਲਦਾ ਨੀ ਚੰਗਾ ਜਿਹਾ ਚਿਹਰਾ

ਕੁੜੀ
ਕਰਦੀ ਪਸੰਦ ਉਹਨੂੰ ਸਾਰੀ ਹੀ ਅਵਾਮ ਵੇ
ਭੜਕ-ਭੜਕ ਗੁਰਮੀਤ ਕਰੀ ਜਾਂਦੇ ਬਦਨਾਮ ਵੇ
ਜੇ ਦਿੱਤੀ ਨਾ ਟਿਕਟ ਐਨਾਂ ਚੰਨੀ ਸਾਬ ਨੂੰ
ਜੇ ਦਿੱਤੀ ਨਾ ਟਿਕਟ ਐਨਾਂ ਚੰਨੀ ਸਾਬ ਨੂੰ
ਮੁੜ ਪੈਰ ਨੀ ਜ਼ਮੀਨ ਉੱਤੇ ਲੱਗਣਾ
ਕਿੰਨੇ ਬੰਦੇ ਖਾਰ ਖਾਂਦੇ ਚੰਨੀ ਸਾਬ ਤੋਂ
ਉਹਦੇ ਵਰਗਾ ਬੰਦਾ ਨੀ ਕਿਤੇ ਲੱਭਣਾ



ਲੇਖਕ: ਗੁਰਮੀਤ ਡੁਮਾਣਾ
ਪਿੰਡ: ਲੋਹੀਆਂ ਖਾਸ, ਜ਼ਿਲ੍ਹਾ: ਜਲੰਧਰ

## ਵਕਤ ਦੇ ਬੋਲ

ਓਹੀਓ ਥੈਲਾ, ਫ਼ਰਕ ਪਿਆ ਬੱਸ,
ਹੁਣ ਬਦਲ ਗਈਆਂ, ਤਸਵੀਰਾਂ ।

ਸਾਡੇ ਹਾਲ 'ਚ, ਫਰਕ ਪਿਆ ਨਾ,
ਕੋਈ ਬਦਲੀਆਂ ਨਹੀਂ,ਤਕਦੀਰਾਂ ।



ਵੇਖ, ਅਜੇ ਟਾਈ -ਕੋਟ ਬਣੇ ਨਾ,
ਜੋ ਹਨ,ਸਾਡੇ ਤਨ ਦੀਆਂ ਲੀਰਾਂ ।

ਨੀਤੀਆਂ ਦਾ ਰੰਗ,ਅੱਜ ਵੀ ਕਾਲਾ,
ਉਹ ਬਣੀਆਂ,ਹਰੀਆਂ ਨਾ ਲਕੀਰਾਂ ।

ਭਾਸ਼ਣਾਂ ਵਿੱਚ ਤਾਂ,ਖੰਡ ਖਿਲਾਰਣ,
ਪਰ, ਪੱਲੇ ਸਾਡੇ ਪਾਉਣ ਕਰੀਰਾਂ ।


ਮੁਫ਼ਤ ਨੇ ਸਾਨੂੰ, ਮਾਫ਼ ਨਹੀਂ ਕਰਨਾ,
ਬਣਾਉਣ ਤੁਰੇ,ਸਾਡਾ ਹਾਲ ਫ਼ਕੀਰਾਂ ।

ਹੈ ਸੋਚ ਸਾਡੀ ਨੂੰ, ਵੱਸ ਵਿੱਚ ਕੀਤਾ,
ਦੇਸ਼ ਦੇ ਨੇਤਾ, ਪੁਜਾਰੀ ਤੇ ਅਮੀਰਾਂ ।

ਸਾਨੂੰ ਖਾਣ ਨੂੰ ਦੇ ਕੇ,ਆਟਾ-ਦਾਲ,
ਬਾਕੀ,ਵੰਡ ਲਿਆ ਆਪ ਵਜ਼ੀਰਾਂ ।

ਜਸਵੀਰ ਮੋਰੋਂ,ਕੀ ਮਾਣ ਮੁਫ਼ਤ 'ਤੇ,
ਇਹ ਸਾਨੂੰ ਦੇ ਨਹੀਂ,ਰਹੇ ਜਾਗੀਰਾਂ ।

ਜਸਵੀਰ ਮੋਰੋਂ



# ਗੌਰਵਮਈ ਵਿਰਸੇ ਦੀ ਝਲਕ ਹੈ - ਜੰਨਤ ਏ ਜਰਖੜ




ਕਹਿੰਦੇ ਨੇ ਜੀਹਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ ਅਤੇ ਹੁਣ ਇਹ ਵੀ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਜੀਹਨੇ ਜੰਨਤ ਏ ਜਰਖੜ ਨਹੀਂ ਦੇਖਿਆ ਉਸ ਨੇ ਵੀ ਕੁਝ ਨਹੀਂ ਦੇਖਿਆ । ਮਹਾਂਨਗਰ ਲੁਧਿਆਣਾ ਤੋਂ ਕਰੀਬ ਦਸ ਗਿਆਰਾਂ ਕਿਲੋਮੀਟਰ ਦੀ ਦੂਰੀ 'ਤੇ ਮਲੇਰਕੋਟਲਾ ਸੜਕ 'ਤੇ ਸਥਿਤ ਮਸ਼ਹੂਰ ਪਿੰਡ ਜਰਖੜ ਵਿਖ਼ੇ ਕੁਦਰਤ ਦੀ ਗੋਦ ਵਰਗੀ ਇਹ ਹਰੀ-ਭਰੀ ਤੇ ਰਮਣੀਕ ਜਗ੍ਹਾ ਪੰਜਾਬੀ ਸੱਭਿਆਚਾਰ ਤੇ ਇਸਦੇ ਗੌਰਵਮਈ ਵਿਰਸੇ ਦੀ ਵਿਲੱਖਣ ਝਲਕ ਪੇਸ਼ ਕਰਦੀ ਹੈ । ਉੱਘੇ ਅੰਤਰਰਾਸ਼ਟਰੀ ਖੇਡ ਪ੍ਰਮੋਟਰ ਤੇ ਸੀਨੀਅਰ ਪੱਤਰਕਾਰ ਸ੍ਰੀ: ਜਗਰੂਪ ਸਿੰਘ ਜਰਖੜ ਜੰਨਤ ਏ ਜਰਖੜ ਦੇ ਨਿਰਮਾਤਾ ਹਨ।

ਜੰਨਤ ਏ ਜਰਖੜ ਵਿੱਚ ਪ੍ਰਵੇਸ਼ ਕਰਦਿਆਂ ਹੀ ਸਾਹਮਣੇ ਲਾਹੌਰ ਦਾ ਦਿਲਕਸ਼ ਨਜ਼ਾਰਾ, ਸਦਰ ਥਾਣਾ, ਸੈਂਟਰਲ ਜੇਲ੍ਹ ਤੇ ਨਿੱਕੀ-ਨਿੱਕੀ ਇੱਟ ਨਾਲ ਉਸਾਰੇ ਵਿਸ਼ਾਲ ਕਿਲ੍ਹੇ ਆਦਮੀ ਨੂੰ ਕਰੀਬ ਅੱਠ ਦਹਾਕੇ ਪਹਿਲਾਂ ਦੇ ਪੰਜਾਬ ਵਿੱਚ ਲਿਆ ਖੜ੍ਹਾ ਕਰਦੇ ਹਨ । ਖੱਬੇ ਹੱਥ ਬਣੀ ਹਵੇਲੀ, ਪੁਰਾਣੀ ਅਦਾਲਤ ਤੇ ਉਸ ਵਿੱਚ ਰੱਖਿਆ ਪੁਰਾਣਾ ਸਾਜ਼ੋ ਸਮਾਨ ਚਿੱਤ ਨੂੰ ਅਜੀਬ ਜਿਹਾ ਸਕੂਨ ਦਿੰਦਾ ਹੈ । ਜੰਨਤ ਏ ਜਰਖੜ ਦੇ ਵਿਹੜੇ ਵਿੱਚ ਉਸਰਿਆ ਦਿੱਲੀ ਦਾ ਵਿਸ਼ਾਲ ਲਾਲ ਕਿਲ੍ਹਾ ਦਰਸ਼ਕਾਂ ਲਈ ਖਿੱਚ ਦਾ ਵਿਸ਼ੇਸ਼ ਕੇਂਦਰ ਬਣਿਆ ਹੋਇਆ ਹੈ। ਠੰਡੇ ਪ੍ਰਦੇਸ਼ ਵਜੋਂ ਜਾਣੇ ਜਾਂਦੇ ਹਿਮਾਚਲ ਪ੍ਰਦੇਸ਼ ਦੀਆਂ ਖ਼ੂਬਸੂਰਤ ਵਾਦੀਆਂ ਦਾ ਦ੍ਰਿਸ਼, ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਬਾਰਡਰ , ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ, ਪਿੰਡ ਦਾ ਕੱਚਾ ਦਰਵਾਜ਼ਾ, ਮਿਲਖਾ ਹਾਊਸ ਆਦਿ ਪੰਜਾਬ ਦੇ ਪੁਰਾਤਨ





ਤੇ ਵਿਲੱਖਣ ਯੁੱਗ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਪੇਸ਼ ਕਰਦੇ ਹਨ । ਪਾਣੀ ਦੇ ਪੁਰਾਤਨ ਸ੍ਰੋਤ ਟਿੰਡਾਂ ਵਾਲਾ ਖੂਹ, ਬਲਦਾਂ ਜਾਂ ਹੋਰ ਜਾਨਵਰਾਂ ਨਾਲ ਗੇੜੀ ਜਾਣ ਵਾਲੀ ਹਰਟੀ , ਚੁੱਲ੍ਹਾ ਚੌਂਕਾ , ਮਧਾਣੀਆਂ, ਸੰਦੂਕ, ਵਿਆਹ ਵਾਲੀ ਡੋਲੀ ਆਦਿ ਵਸਤਾਂ ਵੇਖ ਕੇ ਵੀ ਮਨ ਨੂੰ ਅਜੀਬ ਜਿਹੇ ਸਕੂਨ ਦੀ ਪ੍ਰਾਪਤੀ ਹੁੰਦੀ ਹੈ । ਇੱਥੋਂ ਦੀ ਖ਼ੂਬਸੂਰਤੀ ਮਾਨਣ ਲਈ ਆਮ ਦਰਸ਼ਕਾਂ ਦੇ ਨਾਲ-ਨਾਲ ਜਿੱਥੇ ਪੰਜਾਬ ਦੇ ਕਈ ਸਕੂਲਾਂ ਦੇ ਵਿਦਿਆਰਥੀ ਆਉਂਦੇ ਰਹਿੰਦੇ ਹਨ ਉੱਥੇ ਇਹ ਰਮਣੀਕ ਸਥਾਨ ਕਈ ਫ਼ਿਲਮਕਾਰਾਂ ਤੇ ਗਾਇਕ ਕਲਾਕਾਰਾਂ ਦੀ ਵੀ ਪਹਿਲੀ ਪਸੰਦ ਬਣਿਆ ਹੋਇਆ ਹੈ । ਬਹੁਤੇ ਲੋਕ ਇਸ ਜਗ੍ਹਾ 'ਤੇ ਤੀਆਂ ਜਿਹੇ ਤਿਉਹਾਰ, ਪ੍ਰੀ ਵੈਡਿੰਗ, ਜਾਗੋ, ਕਿੱਟੀ ਪਾਰਟੀਜ਼, ਹੈਪੀ ਬਰਥ ਡੇਅ ਤੇ ਹੋਰ ਰੰਗਾ ਰੰਗ ਸੇਲੀਬ੍ਰੇਸ਼ਨਜ਼ ਮਨਾਉਣ ਲਈ ਢੁੱਕਵੀਂ ਜਗ੍ਹਾ ਵਜੋਂ ਵੇਖਦੇ ਹਨ। ਪੰਜਾਬ ਦੀ ਗੌਰਵਮਈ ਗਾਥਾ ਦਾ ਚਿੱਤਰਣ ਕਰਦੀ ਜੰਨਤ ਏ ਜਰਖੜ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਸ਼ਾਨਾਮੱਤੇ ਵਿਰਸੇ ਨਾਲ ਜੋੜਣ ਲਈ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਨਿਭਾਉਂਦੀ ਰਹੇਗੀ । ਇਸਦੇ ਨਿਰਮਾਣ ਲਈ ਸ੍ਰ: ਜਗਰੂਪ ਸਿੰਘ ਜਰਖੜ ਵਧਾਈ ਦੇ ਪਾਤਰ ਹਨ ।




**ਪੇਸ਼ਕਸ਼ - ਕੁਲਦੀਪ ਸਿੰਘ ਦੁੱਗਲ**
**ਰਾਹੀਂ : ਕਰਨੈਲ ਸਿੰਘ ਐੱਮ.ਏ. ਲੁਧਿਆਣਾ**










# ਕਾਂਗਰਸ ਨੂੰ ਮਜ਼ਬੂਤ ਕਰਨ ਲਈ ਚਰਨਜੀਤ ਸਿੰਘ ਚੰਨੀ ਨੂੰ 2027 ਲਈ ਸੀ ਐਮ ਚਿਹਰਾ ਐਲਾਨਣਾ ਸਮੇਂ ਦੀ ਮੁੱਖ ਮੰਗ: ਵਿੱਕੀ ਚੌਧਰੀ ਕਾਠਗੜ੍ਹ

**ਨਵਾਂਸ਼ਹਿਰ , 5 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪੰਜਾਬ ਵਿਧਾਨ ਸਭਾ ਚੋਣਾਂ 2027 ਨੂੰ ਲੈ ਕੇ ਸੂਬੇ ਦੀ ਸਿਆਸਤ ਹੁਣੇ ਤੋਂ ਗਰਮਾਉਣ ਲੱਗੀ ਹੈ। ਇਸੇ ਦੌਰਾਨ ਕਾਂਗਰਸ ਪਾਰਟੀ ਦੇ ਅੰਦਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਗਾਮੀ ਚੋਣਾਂ ਲਈ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੀ ਉੱਠ ਰਹੀ ਮੰਗ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਸੀਨੀਅਰ ਕਾਂਗਰਸੀ ਆਗੂ ਵਿੱਕੀ ਚੌਧਰੀ ਕਾਠਗੜ੍ਹ ਨੇ ਇਸ ਮੰਗ ਦਾ ਜ਼ੋਰਦਾਰ ਸਮਰਥਨ ਕੀਤਾ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਵਿੱਕੀ ਚੌਧਰੀ ਕਾਠਗੜ੍ਹ ਨੇ ਕਿਹਾ ਕਿ ਅੱਜ ਪੰਜਾਬ ਦੀ ਜਨਤਾ ਅਤੇ ਕਾਂਗਰਸ ਦੇ ਆਮ ਵਰਕਰ ਦੀ ਇਹੋ ਪੁਕਾਰ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਦੁਬਾਰਾ ਅੱਗੇ ਲਿਆਂਦਾ ਜਾਵੇ।

ਸਮਾਜ ਵੀਕਲੀ ਨਿਊਜ਼

ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਚੰਨੀ ਦੇ ਹੱਕ ਵਿੱਚ ਮੰਗ ਬਹੁਤ ਤੇਜ਼ ਹੋ ਚੁੱਕੀ ਹੈ। ਵਿੱਕੀ ਕਾਠਗੜ੍ਹ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਚੰਨੀ ਹੈ ਤਾਂ ਸੰਭਵ ਹੈ' ਅਤੇ ਪੰਜਾਬ ਦਾ ਸੁਨਹਿਰੀ ਭਵਿੱਖ ਸਿਰਫ਼ ਚੰਨੀ ਦੀ ਅਗਵਾਈ ਵਿੱਚ ਹੀ ਸੁਰੱਖਿਅਤ ਹੈ।

- ਗਰੀਬਾਂ ਦੇ ਮਸੀਹਾ ਅਤੇ ਲੋਕ-ਪੱਖੀ ਨੇਤਾ ਹਨ ਚੰਨੀ



ਵਿੱਕੀ ਚੌਧਰੀ ਕਾਠਗੜ੍ਹ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਸਿਰਫ਼ ਇੱਕ ਦਲਿਤ ਚਿਹਰਾ ਨਹੀਂ, ਸਗੋਂ ਹਰ ਵਰਗ (ਮਜ਼ਦੂਰ, ਕਿਸਾਨ, ਵਪਾਰੀ ਅਤੇ ਮੁਲਾਜ਼ਮ) ਦੇ ਸਾਂਝੇ ਤੇ ਹਰਮਨਪਿਆਰੇ ਨੇਤਾ ਹਨ। ਉਨ੍ਹਾਂ ਦਾ ਜ਼ਮੀਨੀ ਜੁੜਾਅ ਅਜਿਹਾ ਹੈ ਕਿ ਉਹ ਹਰ ਆਮ ਨਾਗਰਿਕ ਦੇ ਦੁੱਖ-ਸੁੱਖ ਵਿੱਚ ਖੜ੍ਹਦੇ ਹਨ।

- 112 ਦਿਨਾਂ ਦਾ ਬੇਦਾਗ਼ ਅਤੇ ਇਤਿਹਾਸਕ ਕਾਰਜਕਾਲ

ਕਾਂਗਰਸੀ ਆਗੂ ਵਿੱਕੀ ਚੌਧਰੀ ਨੇ ਕਿਹਾ ਕਿ ਚੰਨੀ ਨੇ ਮੁੱਖ ਮੰਤਰੀ ਵਜੋਂ ਆਪਣੇ ਮਹਿਜ਼ 112 ਦਿਨਾਂ ਦੇ ਛੋਟੇ ਜਿਹੇ ਕਾਰਜਕਾਲ ਦੌਰਾਨ ਜੋ ਇਮਾਨਦਾਰੀ, ਤਜਰਬਾ ਅਤੇ ਮਜ਼ਬੂਤ ਲੀਡਰਸ਼ਿਪ ਦਿਖਾਈ ਸੀ, ਉਸ ਦੀ ਮਿਸਾਲ ਅੱਜ ਵੀ ਪੰਜਾਬ ਦੇ ਲੋਕ ਦਿੰਦੇ ਹਨ। ਬਿਜਲੀ ਸਸਤੀ ਕਰਨੀ, ਬਿੱਲ ਮੁਆਫ਼ ਕਰਨੇ ਅਤੇ ਹਰ ਵਰਗ ਨੂੰ ਰਾਹਤ ਦੇਣ ਵਰਗੇ ਇਤਿਹਾਸਕ ਫੈਸਲੇ ਚੰਨੀ ਦੀ ਪ੍ਰਸ਼ਾਸਨਿਕ ਪਕੜ ਨੂੰ ਸਾਬਤ ਕਰਦੇ ਹਨ।

ਦਿੱਲੀ ਅੱਗੇ ਪੰਜਾਬ ਦੀ ਆਵਾਜ਼ ਬੁਲੰਦ ਕਰਨ ਵਾਲਾ ਆਗੂ

ਕਾਠਗੜ੍ਹ ਨੇ ਅੱਗੇ ਕਿਹਾ ਕਿ ਪੰਜਾਬ ਨੂੰ ਇਸ ਵੇਲੇ ਇੱਕ ਅਜਿਹੇ ਦਲੇਰ ਨੇਤਾ ਦੀ ਲੋੜ ਹੈ ਜੋ ਸੂਬੇ ਦੇ ਹੱਕਾਂ ਲਈ ਹਮੇਸ਼ਾ ਆਵਾਜ਼ ਬੁਲੰਦ ਕਰ ਸਕੇ, ਚਾਹੇ ਦਿੱਲੀ ਦੇ ਸਾਹਮਣੇ ਹੀ ਕਿਉਂ ਨਾ ਖੜ੍ਹਨਾ ਪਵੇ। ਚੰਨੀ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਰਾਖੀ ਬਿਨਾਂ ਕਿਸੇ ਡਰ ਦੇ ਕੀਤੀ ਹੈ।

- ਹਾਈਕਮਾਂਡ ਅੱਗੇ ਅਪੀਲ

ਅਖੀਰ ਵਿੱਚ ਵਿੱਕੀ ਚੌਧਰੀ ਕਾਠਗੜ੍ਹ ਨੇ ਕਾਂਗਰਸ ਹਾਈਕਮਾਂਡ ਨੂੰ ਅਪੀਲ ਕਰਦਿਆਂ ਕਿਹਾ ਕਿ ਮੌਜੂਦਾ ਸਿਆਸੀ ਹਾਲਾਤ ਨੂੰ ਦੇਖਦੇ ਹੋਏ ਅਤੇ ਪੰਜਾਬ ਦੇ ਲੋਕਾਂ ਦੀ ਭਾਵਨਾਵਾਂ ਦੀ ਕਦਰ ਕਰਦੇ ਹੋਏ, ਬਿਨਾਂ ਦੇਰੀ ਕੀਤੇ ਚਰਨਜੀਤ ਸਿੰਘ ਚੰਨੀ ਨੂੰ 2027 ਦੀਆਂ ਚੋਣਾਂ ਲਈ ਕਾਂਗਰਸ ਵੱਲੋਂ ਸੀ ਐਮ ਚਿਹਰਾ ਐਲਾਨਿਆ ਜਾਵੇ, ਤਾਂ ਜੋ ਡੁੱਬ ਰਹੀ ਕਾਂਗਰਸ ਦੀ ਬੇੜੀ ਨੂੰ ਪਾਰ ਲਗਾਇਆ ਜਾ ਸਕੇ ਅਤੇ ਸੂਬੇ ਵਿੱਚ ਮੁੜ ਕਾਂਗਰਸ ਦੀ ਮਜ਼ਬੂਤ ਸਰਕਾਰ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਹਾਈਕਮਾਂਡ ਇਹ ਫੈਸਲਾ ਲੈਂਦੀ ਹੈ ਤਾਂ ਵਿਰੋਧੀ ਪਾਰਟੀਆਂ ਦੇ ਸਾਰੇ ਸਿਆਸੀ ਸਮੀਕਰਨ ਫੇਲ੍ਹ ਹੋ ਜਾਣਗੇ।

# ਐਫਸਫੋਰਡ 'ਚ ਲੱਗੇ ਵਿਰਸੇ ਦੇ ਮੇਲੇ 'ਚ ਕਲਾਕਾਰਾਂ ਨੇ ਲਾਈਆਂ ਰੌਣਕਾਂ

## ਵਿਰਾਸਤੀ ਵਸਤਾਂ ਨਾਲ 'ਸੈਲਫੀਆਂ' ਲੈਣ ਚ ਮਸ਼ਰੂਫ ਨਜ਼ਰ ਆਈਆਂ ਬਹੁ ਗਿਣਤੀ ਮੁਟਿਆਰਾਂ








**ਮੇਲੇ ਵਿਰਸੇ ਦੀਆਂ ਵੱਖ ਵੱਖ ਝਲਕੀਆਂ।**

**ਵੈਨਕੂਵਰ , ਜੁਲਾਈ(ਮਲਕੀਤ ਸਿੰਘ)–** ਪੰਜਾਬੀ ਸੱਭਿਆਚਾਰ ਨੂੰ ਵਿਦੇਸ਼ਾਂ ਦੀ ਧਰਤੀ ਤੇ ਪਸਾਰਨ ਲਈ ਯਤਨਸ਼ੀਲ ਵਿਰਸਾ ਫਾਉਂਡੇਸ਼ਨ ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਐਤਕੀ 10ਵਾਂ ਸਲਾਨਾ ਮੇਲਾ ਵਿਰਸੇ ਦਾ ਐਫਸਫੋਰਡ ਸਥਿਤ ਏ ਜੀ ਰਿਕ ਸੈਂਟਰ ਵਿੱਚ ਧੂਮ ਧੜੱਕੇ ਨਾਲ ਕਰਵਾਇਆ ਗਿਆ ਇਸ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਧਰਮਵੀਰ ਧਾਲੀਵਾਲ, ਦਵਿੰਦਰ ਬਚਰਾ, ਮਨਜੀਤ ਖਿੰਦ ਅਤੇ ਬਲਜਿੰਦਰ ਸੰਧੂ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਕਲਾਕਾਰ ਅਮਨ ਰੋਜ਼ੀ, ਰਮਨ ਸੰਧੂ,ਜਿੰਦਰ ਸੈਣੀ,ਗੁਰਦੇਵ ਕੌਰ, ਅਨਮੋਲ ਰਤਨ ਦੀ ਭੰਗੜਾ ਟੀਮ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਸਵੇਰੇ 11 ਵਜੇ ਤੋਂ ਸ਼ਾਮੀ 6 ਵਜੇ ਤੱਕ ਨਿਰੰਤਰ ਚੱਲੇ ਇਸ ਮੇਲੇ ਵਿੱਚ ਸ਼ਾਮਿਲ ਵੱਖ-ਵੱਖ ਉਮਰ ਦੀਆਂ ਬਹੁਤ ਗਿਣਤੀ ਔਰਤਾਂ ਵੱਲੋਂ ਸਟੇਜ ਦੇ ਮੂਹਰੇ ਸੰਗੀਤਕ ਧੁਨਾਂ ਦੀ ਤਾਲ ਤੇ ਲਗਾਤਾਰ ਕਈ ਘੰਟੇ ਦੇ ਭੰਗੜਾ ਅਤੇ ਗਿੱਧਾ ਪਾ ਕੇ ਖੂਬ ਮਨੋਰੰਜਨ ਕੀਤਾ ਗਿਆ ਇਸ ਮੇਲੇ ਵਿੱਚ ਕੈਲਗਰੀ ਤੋਂ ਡਾ: ਬਲਵਿੰਦਰ ਕੌਰ ਬਰਾੜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਮੇਲੇ ਦਾ ਆਨੰਦ ਮਾਣਿਆ ਅੱਜ ਦੇ ਇਸ ਮੇਲੇ ਵਿੱਚ ਪ੍ਰਬੰਧਕਾਂ ਵੱਲੋਂ ਹਾਲ ਦੇ ਬਾਹਰਵਾਰ ਖੁੱਲੇ ਵਿਹੜੇ ਵਿੱਚ ਪੰਜਾਬ ਦੀਆਂ ਪੁਰਾਣੀਆਂ ਵਿਰਾਸਤੀ ਵਸਤਾਂ ਚਰਖਾ, ਮਧਾਣੀਆਂ, ਦਰੀਆਂ ਬੁਣਨ ਵਾਲੀ ਖੱਡੀ, ਨਲਕਾ, ਸੰਧਾਰੇ ਵਾਲਾ ਸਾਈਕਲ, ਪੁਰਾਤਨ ਹੱਟੀ,ਪੰਗੂੜੇ,ਪੇਟੀਆਂ, ਤੰਦੂਰ, ਚੁੱਲਾ ਚੌਂਕਾ ਆਦਿ ਦੀ ਲਗਾਈ ਗਈ ਨੁਮਾਇਸ਼ ਨਾਲ ਇੱਕ ਤਰ੍ਹਾਂ ਨਾਲ ਪਿੰਡਾਂ ਵਾਲਾ ਮਾਹੌਲ ਸਿਰਜਿਆ ਮਹਿਸੂਸ ਹੋਇਆ ਬਹੁ ਗਿਣਤੀ ਔਰਤਾਂ ਇਹਨਾਂ ਪੁਰਾਤਨ ਵਸਤਾਂ ਨਾਲ ਤਸਵੀਰਾਂ ਖਿਚਾਉਂਦੀਆਂ ਨਜ਼ਰ ਆਈਆਂ ਇਸ ਮੇਲੇ ਚ ਕਿਸੇ ਪੇਂਡੂ ਪ੍ਰਾਇਮਰੀ ਸਕੂਲ ਦਾ ਪੇਸ਼ ਕੀਤਾ ਗਿਆ ਦ੍ਰਿਸ਼ ਵੀ ਵੇਖਣਯੋਗ ਸੀ




ਮੇਲੇ ਵਾਲੇ ਹਾਲ ਦੇ ਅੰਦਰਵਾਰ ਦੁਵੱਲੇ ਪਾਸੇ ਲਗਾਈਆਂ ਗਈਆਂ ਆਰਜੀ ਦੁਕਾਨਾਂ ਤੋਂ ਬਹੁ ਗਿਣਤੀ ਔਰਤਾਂ ਆਪਣੇ ਮਨਪਸੰਦੀਦਾ ਰੰਗ ਬਿਰੰਗੇ ਸੂਟ, ਗਾਨੀਆਂ, ਚੂੜੀਆਂ, ਫੁਲਕਾਰੀਆਂ,ਆਰਟੀਫਿਸ਼ਲ ਗਹਿਣੇ, ਪਰਾਂਦੀਆਂ ਅਤੇ ਹੋਰ ਘਰੇਲੂ ਵਰਤੋਂ ਵਾਲੇ ਸਮਾਨ ਦੀ ਖਰੀਦਦਾਰੀ ਵੀ ਕਰਦੀਆਂ ਨਜ਼ਰ ਆਈਆਂ ।

# ਉੱਘੇ ਸ਼ਾਇਰ ਤੇ ਕਵੀ ਸਨ– ਦੀਵਾਨ ਸਿੰਘ

**6 ਜੁਲਾਈ ਨੂੰ ਬਰਸੀ ’ਤੇ ਵਿਸ਼ੇਸ਼**

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਕੀ ਕਾਂਸੀ ਦਾ ਵਰਦਾਨ ਧਰਤੀ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬਹੁਤ ਸਾਰੇ ਕਵੀ-ਕਵੀਸ਼ਰ ਆਪਣੀਆਂ ਕਲਮਾਂ ਰਾਹੀਂ ਗੁਰੂ ਦਾ ਜਸ ਗਾ ਰਹੇ ਹਨ। ਉਹਨਾਂ ਹੀ ਕਵੀਆਂ ਵਿੱਚੋਂ ਮਾਲਵੇ ’ਚ ਉੱਘਾ ਸ਼ਾਇਰ, ਲੇਖਕ ਤੇ ਅਣਗੌਲਿਆ ਕਵੀ ਸੀ ਦੀਵਾਨ ਸਿੰਘ ਮੱਕੜ।

ਦੀਵਾਨ ਸਿੰਘ ਮੱਕੜ ਦਾ ਜਨਮ 1938 ਈ: ਨੂੰ ਪਿਤਾ ਸ੍ਰ: ਸੇਵਾ ਸਿੰਘ ਦੇ ਘਰ ਮਾਤਾ ਗਣੇਸ਼ ਬਾਈ ਦੀ ਕੁੱਖ ਤੋਂ ਪਿੰਡ ਗਾਂਵਰਵਾਲਾ ਤਹਿਸੀਲ ਭੱਖਰ ਜ਼ਿਲ੍ਹਾ ਮੀਆਂਵਾਲੀ (ਪਾਕਿ-ਸਤਾਨ) ਵਿਖੇ ਹੋਇਆ। ਉਹਨਾਂ ਸਮੇਤ ਤਿੰਨ ਭਰਾ ਤੇ ਤਿੰਨ ਭੈਣਾਂ ਸਨ। ਉਹਨਾਂ ਚਾਰ ਜਮਾਤਾਂ ਪਿੰਡ ਗਾਂਵਰਵਾਲਾ ਵਿਖੇ ਤੇ ਚਾਰ ਜਮਾਤਾਂ (ਪੰਜਵੀਂ ਤੋਂ ਅੱਠਵੀਂ ਤੱਕ) ਦੇਸ਼ ਵੰਡ ਤੋਂ ਬਾਅਦ ਇਧਰ (ਭਾਰਤ) ਆ ਕੇ ਪਾਸ ਕੀਤੀਆਂ। 1947 ਈ: ਦੇ ਸ਼ੁਰੂ ਵਿੱਚ ਵੰਡ ਤੋਂ ਬਾਅਦ ਉਹਨਾਂ ਦੇ ਪਿਤਾ ਪਰਿਵਾਰ ਸਮੇਤ ਜਮਾਲਪੁਰ ਲੁਧਿਆਣਾ ਆ ਗਏ। ਉਹਨਾਂ ਦੇ ਦਾਦਾ ਸ੍ਰ: ਸੰਤ ਸਿੰਘ ਬੜੇ ਮਿਹਨਤੀ ਤੇ ਇਮਾਨਦਾਰ ਵਿਅਕਤੀ ਸਨ। ਛੇ ਮਹੀਨੇ ਲੁਧਿਆਣੇ ਕੈਂਪ ਵਿੱਚ ਰਹੇ। ਕੈਂਪ ਵਿੱਚ ਉਹਨਾਂ ਦੇ ਪਰਿਵਾਰ ਨੇ ਬੜੇ ਔਖੇ ਦਿਨ ਕੱਟੇ, ਬੜੀਆਂ ਮੁਸੀਬਤਾਂ ਝੱਲੀਆਂ । ਕੈਂਪ ਵਿੱਚ ਆਟਾ, ਦਾਣਾ, ਦਾਲਾਂ ਦੀ ਬੜੀ ਕਿੱਲਤ ਸੀ। ਜੇਕਰ ਕੈਂਪ ਵਿੱਚ ਉਹਨਾਂ ਨੂੰ ਸਰੋਂ ਦਾ ਤੇਲ ਮਿਲਿਆ ਤਾਂ ਉਹਨਾਂ ਦੇ ਮਾਤਾ ਗਨੇਸ਼ ਬਾਈ ਨੇ ਇਹ ਕਹਿ ਕੇ ਡੋਲ੍ਹ ਦਿੱਤਾ ਕਿ ਮੈਨੂੰ ਭੀਖ ਨਹੀਂ, ਮਿਹਨਤ ਨਾਲ ਲਿਆਂਦਾ ਰਾਸ਼ਨ ਚਾਹੀਦਾ ਹੈ। ਲੁਧਿਆਣਾ ਸ਼ਹਿਰ ਵਿੱਚ ਉਹਨਾਂ ਦਾ ਕਰੀਬੀ ਰੇਸ਼ਮ ਲਾਲ ਰੰਗੀਲਾ ਮਿਲਿਆ ਜਿਸ ਨੇ ਉਹਨਾਂ ਨੂੰ ਜਸਵੀਰ ਸਿੰਘ ਅੰਮ੍ਰਿਤਸਰ ਦੇ ਕਾਰਖਾਨੇ ਵਿੱਚ ਗੋਟਾ (ਰੀਲਾਂ) ਸਵਾਰਨ ਦੇ ਕੰਮ ਤੇ ਲਗਵਾ ਦਿੱਤਾ। ਹੌਲੀ-ਹੌਲੀ ਜਮਾਲਪੁਰ ਤੋਂ ਲੁਧਿਆਣਾ ਸ਼ਹਿਰ ਆ ਗਏ। ਫਿਰ ਤਾਵੜੂ (ਹਰਿਆਣਾ) ਕੈਂਪ ਤੇ ਉਸ ਤੋਂ ਬਾਅਦ ਰੇਵਾੜੀ ਕੈਂਪ ’ਚ ਛੇ ਮਹੀਨੇ ਰਹੇ। ਰੇਵਾੜੀ ਕੈਂਪ ’ਚ ਹੈਜਾ ਫੈਲਿਆ ਹੋਇਆ ਸੀ। ਰੋਜ਼ਾਨਾ ਹੀ ਪੰਜਾਹ-ਸੌ ਮਰ ਜਾਂਦੇ ਸਨ। ਉਸ ਸਮੇਂ ਆਪ ਦਾ ਵੱਡਾ ਭਰਾ ਲੁਧਿਆਣਾ ਸੀ। ਉਹਨਾਂ ਦੇ ਪਿਤਾ ਸ੍ਰ: ਸੇਵਾ ਸਿੰਘ ਵੀ ਹੈਜੇ ਦੀ ਬਿਮਾਰੀ ਦੀ ਪਕੜ ’ਚ ਆ ਗਏ। ਉਸ ਸਮੇਂ ਦੇ ਹਕੀਮ ਨੇ ਕਿਹਾ ਕਿ ਦਵਾਈ ਲੈ ਕੇ ਘਰ ਚਲੇ ਜਾਉ। ਪਿਤਾ ਜੀ ਦੀ ਹਾਲਾਤ ਦਿਨੋ-ਦਿਨ ਬਹੁਤ ਖ਼ਰਾਬ ਹੁੰਦੀ ਗਈ। ਫਿਰ ਪਿਤਾ ਜੀ ਨੂੰ ਹਸਪਤਾਲ ਲੈ ਜਾਇਆ ਗਿਆ। ਡਾਕਟਰ ਨੇ ਉਹਨਾਂ (ਦੀਵਾਨ ਸਿੰਘ) ਨੂੰ ਕਿਹਾ ਕਿ ਬਿਨਾਂ ਲਾਲ ਦਵਾਈ ਤੋਂ ਪਾਣੀ ਲਿਆਉ, ਕਿਉਂਕਿ ਉਸ ਸਮੇਂ ਸਾਰੇ ਪਾਸੇ ਬਿਮਾਰੀ ਫੈਲਣ ਕਾਰਨ ਖੂਹਾਂ ਵਿੱਚ ਲਾਲ ਦਵਾਈ ਪਾਈ ਹੋਈ ਸੀ। ਡਾਕਟਰ ਨੂੰ ਸ੍ਰ: ਸੇਵਾ ਸਿੰਘ ਦੇ ਟੀਕਾ ਲਗਾਉਣ ਲਈ ਪਾਣੀ ਦੀ ਜ਼ਰੂਰਤ ਸੀ। ਦੀਵਾਨ ਸਿੰਘ ਪਾਣੀ ਲੈਣ ਚਲੇ ਗਏ। ਪਾਣੀ ਦੀ ਬੜੀ ਤੰਗੀ ਸੀ। ਸਟੇਸ਼ਨ ਤੋਂ ਪਾਣੀ ਲੈ ਕੇ ਆ ਰਹੇ ਸਨ ਪਰ ਰੌਲੇ ਕਾਰਨ ਰਸਤੇ ਵਿੱਚ ਹੀ ਰੋਕ ਲਿਆ। ਦੀਵਾਨ ਸਿੰਘ ਨੇ ਪਾਣੀ ਦਾ ਛੋਟਾ ਜਿਹਾ ਮਟਕਾ ਆਪਣੇ ਲੱਕ ਦੇ ਦੁਆਲੇ ਬੰਨ੍ਹ ਲਿਆ। ਸਕੂਲ ਦੀਆਂ ਕੰਧਾਂ (ਦੀਵਾਰਾਂ) ਤੇ ਚਾਰੇ ਪਾਸੇ ਸ਼ੀਸ਼ਾ (ਕੱਚ) ਲੱਗਿਆ ਹੋਇਆ ਸੀ ਪਰ ਉਹਨਾਂ ਨੇ ਪ੍ਰਵਾਹ ਨਹੀਂ ਕੀਤੀ। ਸਕੂਲ ਦੀ ਦੀਵਾਰ ਟੱਪ (ਲੰਘ) ਕੇ ਆਪ ਪਾਣੀ ਲੈ ਕੇ ਕੈਂਪ ਵਿੱਚੋਂ ਲੰਘਦੇ- ਲੰਘਦੇ ਹਸਪਤਾਲ ਪਹੁੰਚੇ। ਡਾਕਟਰ ਨੇ ਪਾਣੀ ਨਾਲ ਟੀਕਾ ਲਾਇਆ, ਚਾਰ ਘੰਟਿਆਂ ਬਾਅਦ ਅੱਖ ਖੁੱਲ੍ਹੀ ਤੇ ਪੰਜ ਘੰਟਿਆਂ ਬਾਅਦ ਉਹਨਾਂ ਦੇ ਪਿਤਾ ਸ੍ਰ: ਸੇਵਾ ਸਿੰਘ ਜੀ ਬੋਲੇ। ਡਾਕਟਰ ਸਾਹਿਬ ਨੇ ਕਿਹਾ, ‘‘ਦੀਵਾਨ ਸਿੰਘ ਦੇ ਹੱਥ ਵਿੱਚ ਸ਼ੀਸ਼ਾ (ਕੱਚ) ਖੁੱਭ ਗਿਆ, ਹੱਥ ਵਿੱਚੋਂ ਖ਼ੂਨ ਵਗ ਰਿਹਾ ਹੈ ਪਰ ਉਹਨਾਂ ਪਿਤਾ ਦੀ ਸੇਵਾ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸੇਵਾ ਸਿੰਘ ਨੇ ਆਪਣੇ ਪੁੱਤਰ ਦੀਵਾਨ ਸਿੰਘ ਦਾ ਮੱਥਾ ਚੁੰਮਿਆ।’’ 1948 ਈ: ਵਿੱਚ ਹਾੜ ਦੇ ਮਹੀਨੇ ਸ੍ਰ: ਸੇਵਾ ਸਿੰਘ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਮਾਮਾ ਲੀਲਾ ਰਾਮ ਨੇ ਕਿਹਾ ਕਿ ਮੁਕਤਸਰ ਚੱਲੋ, ਭੈਣ ਨੇ ਕਿਹਾ ਮਲੋਟ ਚੱਲੋ। ਅਖੀਰ ਮਲੋਟ ਵਿਖੇ ਕਿਰਾਏ ਤੇ ਮਕਾਨ ਲੈ ਕੇ ਦੋ ਮਹੀਨੇ ਰਹੇ। ਫਿਰ 1952 ਈ: ਵਿੱਚ ਮਾਮਾ ਮੁਕਤਸਰ ਲੈ ਆਇਆ। ਇੱਥੇ ਆ ਕੇ ਉਹਨਾਂ ਖੱਡੀਆਂ ਦਾ ਕੰਮ ਸ਼ੁਰੂ ਕੀਤਾ। ਖੱਡੀਆਂ ਤੇ ਖੇਸ, ਚਾਦਰਾਂ ਬਣਾਉਂਦੇ, ਰੰਗਾਈ ਕਰਦੇ। 20 ਫ਼ਰਵਰੀ 1958 ਈ: (8 ਫੱਗਣ ਦਿਨ ਬੁੱਧਵਾਰ) ਨੂੰ ਦੀਵਾਨ ਸਿੰਘ ਦਾ ਵਿਆਹ ਸ਼੍ਰੀ ਮੰਨਾ ਰਾਮ ਦੀ ਪੁੱਤਰੀ ਦੇਵ ਕੌਰ ਨਾਲ ਰਾਮਾਂ ਮੰਡੀ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਉਹਨਾਂ ਦੇ ਘਰ ਦੋ ਲੜਕੇ ਤੇ ਪੰਜ ਲੜਕੀਆਂ ਨੇ ਜਨਮ ਲਿਆ। ਉਹਨਾਂ ਆਪਣੇ ਲੜਕਿਆਂ ਨੂੰ ਕਾਰੋਬਾਰ ਵਿੱਚ ਨਿਪੁੰਨ ਕੀਤਾ। ਉਹਨਾਂ ਦੀਆਂ ਲੜਕੀਆਂ ਮਲੋਟ, ਕੋਟਕਪੂਰਾ, ਜਲਾਲਾਬਾਦ ਵਿੱਚ ਵਿਆਹੀਆਂ ਹੋਈਆਂ ਹਨ। ਲੜਕੀਆਂ ਆਪਣੇ ਘਰਾਂ ਵਿੱਚ ਸੁਖੀ ਜੀਵਨ ਬਸਰ ਕਰ ਰਹੀਆਂ ਹਨ।



ਸੰਨ 1965 ਈ: ਵਿੱਚ ਗੌਰਮਿੰਟ ਕਾਲਜ ਮੁਕਤਸਰ ਬਣਿਆ, 1965 ਤੋਂ 1975 ਤੱਕ ਕਾਲਜ ਵਿੱਚ ਸਾਹਿਤ ਸਭਾ ਦੀਆਂ ਮੀਟਿੰਗਾਂ, ਫੰਕਸ਼ਨ, ਕਵੀ ਦਰਬਾਰ ਹੁੰਦੇ। ਕਵੀ ਸਾਬਰ ਹੁਸੈਨ ਪ੍ਰਧਾਨ ਹੁੰਦੇ ਸਨ। ਉਹਨਾਂ ਜਦੋਂ ਕਿਹਾ ਕਿ ਕਿਸੇ ਵਿਸ਼ੇ ਤੇ ਬੋਲਣਾ ਹੈ, ਫਿਰ ਉਹ ਬੋਲਣ ਤੋਂ ਪਹਿਲਾਂ ਹੀ ਰੁਕ ਗਏ। ਉਹਨਾਂ ਕਿਹਾ ਕਿ ਪ੍ਰਧਾਨ ਮੈਂ ਨਹੀਂ ਹਾਂ, ਤੁਹਾਡੇ ਸਾਹਮਣੇ ਬੜੇ ਉੱਚੇ ਲੰਮੇ, ਸੋਹਣੇ ਨੌਜਵਾਨ ਜੋ ਪ੍ਰਧਾਨ ਹਨ, ਜਦੋਂ ਤੁਸੀਂ ਦਰਸ਼ਨ ਕਰੋਗੇ, ਤਾੜੀਆਂ ਮਾਰ ਕੇ ਹੱਸੋਗੇ। ਉਹ ਕੋਈ ਹੋਰ ਨਹੀਂ ਸੀ, ਦੀਵਾਨ ਸਿੰਘ ਮੱਕੜ ਹੀ ਸਨ। ਜਦੋਂ ਉਹ ਬੋਲਣ ਲਈ ਉੱਠੇ ਤਾਂ ਉਹਨਾਂ ਕਿਹਾ, ‘‘ਮੈਂ ਸੇਵਾਦਾਰ ਹਾਂ, ਮੈਂ ਤਾਂ ਸਾਹਿਤ ਸਭਾ ਦੀ ਸੇਵਾ ਕਰਦਾ ਹਾਂ। ਇਹ ਮਰਾਸੀ ਹੈ। ਇਸ ਨੇ ਮਜ਼ਾਕ ਕਰਨਾ ਹੀ ਸੀ। ਇਹਨਾਂ ਮਰਾਸੀਆਂ ਨੇ ਤਾਂ ਮਹਾਰਾਜਾ ਰਣਜੀਤ ਸਿੰਘ ਤੱਕ ਨੂੰ ਨਹੀਂ ਬਖ਼ਸ਼ਿਆ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਇੱਥੋਂ ਤੱਕ ਕਿਹਾ :

ਸੁਣੋ ਰਾਜਾ ਰਣਜੀਤ ਸਿੰਘ ਤੁਸੀਂ ਅੱਖੋਂ ਕਾਣੇ।<br>
ਤੁਹਾਡੀ ਇੱਕ ਅੱਖ ਹੈ ਕੁਲ ਦੁਨੀਆਂ ਜਾਣੇ।<br>
ਤੁਹਾਡੀ ਇੱਕੋ ਅੱਖ ਹੈ ਉਹ ਬੱਲੇ ਬੱਲੇ।<br>
ਸਾਰੀ ਖ਼ਲਕਤ ਵੱਸਦੀ ਇਸ ਨਦਰ ਦੇ ਥੱਲੇ।

ਦੀਵਾਨ ਸਿੰਘ ਉੱਘੇ ਸ਼ਾਇਰ ਸਨ। ਉਹ 1975 ਤੋਂ 1981 ਈ: ਤੱਕ ਛੇ ਸਾਲ ਲਗਾਤਾਰ ਕਵੀ ਦਰਬਾਰ ਸਭਾ ਤੇ ਸਾਹਿਤ ਸਭਾ ਦੇ ਪ੍ਰਧਾਨ ਰਹੇ। ਉਹਨਾਂ ਵਿਆਹ-ਸ਼ਾਦੀਆਂ ਤੇ ਸਿਹਰੇ, ਸਿਖਿਆਵਾਂ ਬੇਅੰਤ ਪੜ੍ਹੀਆਂ। ਜਦੋਂ ਉਹ ਸਿਹਰਾ ਲਿਖਦੇ ਸਨ ਤਾਂ ਆਰੰਭ ਵਿੱਚ ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ ਦੀ ਉਪਮਾ ਕਰਦੇ ਸਨ। ਪਹਿਲਾਂ ਸਿਹਰੇ/ਸਿਖਿਆਵਾਂ ਪੜ੍ਹਨ ਦਾ ਬਹੁਤ ਰਿਵਾਜ ਸੀ। ਅੱਜ-ਕੱਲ੍ਹ ਤਾਂ ਇਹ ਰਿਵਾਜ ਬਿਲਕੁਲ ਹੀ ਖ਼ਤਮ ਹੋ ਗਿਆ ਹੈ। ਅੱਜ ਦੇ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਤਾਂ ਇਸ ਬਾਰੇ ਕੁਝ ਵੀ ਪਤਾ ਨਹੀਂ ਹੈ ।

ਦੀਵਾਨ ਸਿੰਘ ਲੇਖਕ ਵੀ ਸਨ । ਉਹਨਾਂ ਦੀਆਂ ਰਚਨਾਵਾਂ ਬਾ-ਕਮਾਲ ਹੁੰਦੀਆਂ ਸਨ । ਉਹਨਾਂ ਦੇ ਉਸਤਾਦ ਮਾਸਟਰ ਨੱਥਾ ਸਿੰਘ ਸਨ। ਜਿਨ੍ਹਾਂ ਨੇ ਉਹਨਾਂ ਦੀ ਕਿਤਾਬ ਨੂੰ ਵੇਖ ਕੇ ਪੁਸਤਕ ਦਾ ਨਾਂ ‘ਪਹਿਲੀ ਉਮੰਗ’ ਰੱਖਿਆ। ਇਸ ਪੁਸਤਕ ਵਿੱਚ 40 ਰਚਨਾਵਾਂ ਸਨ। ਇਸ ਪੁਸਤਕ ਦੀ ਕੋਈ ਵੀ ਕਾਪੀ ਉਹਨਾਂ ਕੋਲ ਨਹੀਂ ਸੀ। ਇੱਥੋਂ ਪਤਾ ਲੱਗਦਾ ਹੈ ਕਿ ਉਹਨਾਂ ਦੀ ਪੁਸਤਕ ਧੜਾ-ਧੜ ਖ਼ਤਮ ਹੋ ਗਈ ਸੀ। ਉਹਨਾਂ ਦੀ ਇੱਕੋ ਹੀ ਪੁਸਤਕ ਛਪੀ। ਉਹਨਾਂ ਦੀਆਂ ਕਵਿਤਾਵਾਂ, ਰਚਨਾਵਾਂ ਗੋਨਿਆਣਾ ਮੰਡੀ (ਬਠਿੰਡਾ) ਤੋਂ ਛਪਦੇ ‘ਭਾਈ ਕਨੱਈਆ ਸੇਵਾ ਜੋਤੀ’ ਮੈਗਜ਼ੀਨ ਤੇ ਹੋਰ ਕਈ ਮੈਗਜ਼ੀਨਾਂ ਵਿੱਚ ਛਪੀਆਂ ਸਨ। ਉਹਨਾਂ ਸਿੱਖ ਧਰਮ ਤੇ ਸਾਹਿਤ ਨਾਲ ਸੰਬੰਧਿਤ ਅਨੇਕਾਂ ਰਚਨਾਵਾਂ ਲਿਖੀਆਂ। ਉਹਨਾਂ ਨੂੰ ਕਵਿਤਾਵਾਂ, ਰਚਨਾਵਾਂ, ਦੋਹਰੇ ਅਣਗਿਣਤ ਯਾਦ ਸਨ। ਉਹਨਾਂ ਨੂੰ ਸ਼ੇਅਰੋ-ਸ਼ਾਇਰੀ ਦਾ ਬਹੁਤ ਸ਼ੌਕ ਸੀ।

1965 ਵਿੱਚ ਦੀਵਾਨ ਸਿੰਘ ਨੇ ਹਰਭਜਨ ਸਿੰਘ ਵਣ ਵਾਲੇ ਦੇ ਹਕੀਮ ਪਾਸੋਂ ਦੇਸੀ ਦਵਾਈਆਂ ਦੇਣ ਤੇ ਜੰਤਰੀਆਂ ਵੇਖਣ ਦਾ ਕੰਮ ਸਿੱਖਿਆ। ਜੇ ਇਹ ਕਹਿ ਲਿਆ ਜਾਵੇ ਕਿ ਉਹਨਾਂ ਨੂੰ ਦੇਸੀ ਦਵਾਈਆਂ ਬਣਾਉਣ ਤੇ ਜੰਤਰੀਆਂ ਵੇਖ ਕੇ ਗੁਰ ਦੱਸਣ ਵਾਲੇ ਉਸਤਾਦ ਹਰਭਜਨ ਸਿੰਘ ਵਣ ਵਾਲੇ ਸਨ ਤਾਂ ਕੋਈ ਅਤਿਕਥਨੀ ਨਹੀਂ।

ਦੀਵਾਨ ਸਿੰਘ ਲੋਕਾਂ ਦੇ ਦੁੱਖ ਬੜੇ ਪਿਆਰ ਨਾਲ ਸੁਣਦੇ ਸਨ। ਜੇਕਰ ਕਿਸੇ ਦੇ ਘਰ ਮੱਝ ਦੁੱਧ ਨਹੀਂ ਸੀ ਦਿੰਦੀ, ਕਾਰੋਬਾਰ ਵਿੱਚ ਵਾਧਾ ਨਹੀਂ ਸੀ ਹੁੰਦਾ, ਖੇਤੀਬਾੜੀ ਵਿੱਚ ਚੰਗੀ ਫਸਲ ਨਹੀਂ ਸੀ ਹੁੰਦੀ, ਗੋਡਿਆਂ ਦਾ ਦਰਦ, ਬਵਾਸੀਰ, ਲਕੋਰੀਆ, ਸ਼ੂਗਰ, ਭਾਰ ਪੈਣਾ, ਜਲਣ, ਗੈਸ, ਕਬਜ਼ ਆਦਿ ਬਿਮਾਰੀਆਂ ਦਾ ਇਲਾਜ ਦੇਸੀ ਦਵਾਈਆਂ ਰਾਹੀਂ ਕਰਦੇ ਸਨ। ਉਹ ਦੰਦਾਂ ਦਾ ਮੰਜਣ ਬਿਲਕੁਲ ਮੁਫ਼ਤ ਦਿੰਦੇ ਸਨ। ਬਾਕੀ ਦਵਾਈਆਂ ਤੇ ਵੀ ਲਾਗਤ ਮਾਤਰ ਹੀ ਸੇਵਾ (ਭੇਟਾ) ਲੈਂਦੇ ਸਨ।

ਜੇਕਰ ਕਿਸੇ ਦਾ ਮਾਲ-ਪਸ਼ੂ ਦਾ ਨੁਕਸਾਨ ਹੁੰਦਾ, ਸੁੱਤੀ ਜਾਗਦੀ ਧਰਤੀ ਬਾਰੇ, ਖੇਤ ਵਾਸਤੇ ਬੀਜ, ਦੁੱਖ-ਸੁੱਖ ਵਾਸਤੇ, ਸੰਜੋਗ ਨਾ ਹੋਣ ਬਾਰੇ, ਕੁੱਖ ਬੰਨ੍ਹੀ ਦਾ ਇਲਾਜ, ਕਲ-ਕਲੇਸ਼, ਕੇਸ ਚੱਲਣ ਬਾਰੇ ਜੰਤਰੀਆਂ ਵੇਖ ਕੇ ਗੁਰੂ ਘਰ ਦੀ ਸੇਵਾ ਕਰਨ, ਦਾਨ ਕਰਨ ਬਾਰੇ ਹੀ ਕਹਿੰਦੇ ਸਨ। ਉਹ ਕੋਈ ਧਾਗੇ, ਤਵੀਤ ਨਹੀਂ ਬਣਾਉਂਦੇ ਸਨ। ਉਹਨਾਂ ਲੱਖਾਂ ਹੀ ਲੋਕਾਂ ਦੀ ਸੇਵਾ ਕੀਤੀ। ਲੋਕ ਉਹਨਾਂ ਨੂੰ ‘ਬਾਬਾ ਜੀ’ ਕਹਿ ਕੇ ਬੁਲਾਉਂਦੇ ਸਨ। ਉਹਨਾਂ ਲੋਕ-ਭਲਾਈ ਦੇ ਕੰਮਾਂ ਦੇ ਨਾਲ-ਨਾਲ ਸਾਹਿਤਕ ਸਭਾਵਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਦੀਵਾਨ ਸਿੰਘ ਮੱਕੜ ਨੂੰ ਸਿਹਰੇ, ਸਿਖਿਆਵਾਂ ਲਿਖਣ, ਪੜ੍ਹਨ ਲਈ ਅਹਿਮਦਾਬਾਦ, ਗੰਗਾ ਨਗਰ, ਜਗਰਾਉਂ, ਲੁਧਿਆਣਾ, ਦਿੱਲੀ ਤੇ ਹੋਰ ਕਈ ਸ਼ਹਿਰਾਂ/ਨਗਰਾਂ ਵਿੱਚ ਗੁਰਬਾਣੀ ਦੇ ਸਟੀਕ, ਹਾਰਮੋਨੀਅਮ ਤੇ ਨਕਦ ਮਾਇਆ ਨਾਲ ਸਨਮਾਨਿਤ ਕੀਤਾ।

ਦੀਵਾਨ ਸਿੰਘ ਮੱਕੜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਈਬਲ, ਰਮਾਇਣ, ਗੀਤਾ ਦਾ ਕਾਫ਼ੀ ਗੂੜ੍ਹਾ ਗਿਆਨ ਸੀ। ਸ੍ਰ: ਦੀਵਾਨ ਸਿੰਘ ਰਿਸ਼ਤੇ ਵਿੱਚ ਮੇਰੇ ਸੁਹਰਾ ਸਾਹਿਬ ਸਨ। ਜਦੋਂ ਮੈਂ ਸ਼੍ਰੀ ਮੁਕਤਸਰ ਸਾਹਿਬ ਜਾਂਦਾ ਤਾਂ ਉਹ ਮੈਨੂੰ ਆਪਣੇ ਕੋਲ ਬਿਠਾ ਕੇ ਕਈ-ਕਈ ਘੰਟੇ ਆਪਣੀਆਂ ਰਚਨਾਵਾਂ ਸੁਣਾਉਂਦੇ। ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਸਾਰੇ ਸ਼ਬਦ ਤੇ ਪ੍ਰਮੁੱਖ ਬਾਣੀਆਂ ਕੰਠ ਸਨ। ਦੀਵਾਨ ਸਿੰਘ ਮੱਕੜ 6 ਜੁਲਾਈ 2017 ਈ: ਦਿਨ ਵੀਰਵਾਰ ਨੂੰ ਸਾਹ ਦੀ ਤਕਲੀਫ਼ ਅਤੇ ਸਰੀਰਕ ਕਮਜ਼ੋਰੀ ਕਰਕੇ 79 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

**ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।**

# ਬਾਲੀ ਸਾਹਿਬ ਨੂੰ ਯਾਦ ਕਰਦਿਆਂ

**ਬਰਸੀ ਤੇ ਵਿਸ਼ੇਸ਼**

**ਸਮਾਜ ਵੀਕਲੀ ਯੂ ਕੇ**

ਬਾਬਾ ਸਾਹਿਬ ਨਾਲ ਕੌਲ ਕਰਾਰ ਕਰਕੇ,ਝੰਡਾ ਚੁੱਕਿਆ ਉਹਨਾਂ ਸਖ਼ਾਵਤਾਂ ਦਾ ।ਦੱਬੇ ਕੁਚਲੇ ਸਮਾਜ ਦੀ ਗੱਲ ਕਰਕੇ, ਬਾਲੀ ਬਣ ਗਿਆ ਨਾਮ ਬਗ਼ਾਵਤਾਂ ਦਾ। ਮੇਰੇ ਗੀਤ ਦੀਆਂ ਇਹ ਸਤਰਾਂ ਲਾਹੌਰੀ ਰਾਮ ਬਾਲੀ ਸਾਹਿਬ ਦੇ ਜੀਵਨ ਅਤੇ ਸੰਘਰਸ਼ ਨਾਲ ਸੰਬੰਧਿਤ ਗੀਤ ਤਿਆਗ ਵਿੱਚੋਂ ਹਨ ਜੋ ਉਹਨਾਂ ਦੇ ਜਿਉਂਦੇ ਜੀਅ ਮੈਂ ਲਿਖਿਆ ਤੇ ਉਹਨਾਂ ਨੂੰ ਸੁਣਾਇਆ ਗੀਤ ਸੁਣਨ ਤੋਂ ਬਾਅਦ ਭਾਵੁਕ ਹੁੰਦਿਆਂ ਉਹਨਾਂ ਕਿਹਾ, ਇਹ ਗੀਤ ਸੰਧੂ ਹੀ ਲਿਖ ਸਕਦਾ ਸੀ। ਇਸ ਗੱਲ ਦਾ ਜ਼ਿਕਰ ਮੈਂ ਇਸ ਲਈ ਕਰ ਰਿਹਾ ਹਾਂ ਕਿ ਬਾਲੀ ਸਾਹਿਬ ਨੂੰ ਚਾਹੁਣ ਵਾਲੇ ਪੂਰੀ ਦੁਨੀਆਂ ਵਿੱਚ ਲੱਖਾਂ ਲੋਕ ਨੇ ਪਰ ਉਹਨਾਂ ਦੇ ਗੀਤ ਲਿਖਣ ਦਾ ਮਾਣ ਮੇਰੇ ਹਿੱਸੇ ਹੀ ਆਇਆ। ਉਨਾਂ ਪ੍ਰਤੀ ਮੈਂ ਆਪਣੀ ਸ਼ਰਧਾ ਨੂੰ ਗੀਤਾਂ ਰਾਹੀ ਬਿਆਨ ਕਰਨ ਦਾ ਯਤਨ ਕੀਤਾ। ਇਸ ਵਿੱਚ ਮੈਂ ਕਿੰਨਾ ਕੁ ਸਫ਼ਲ ਹੋਇਆ ਹਾਂ ਇਹ ਮੇਰੇ ਨਾਲੋਂ ਬਿਹਤਰ ਪਾਠਕ ਜਾਣਦੇ ਨੇ ਪਰ ਇਹ ਗੀਤ ਲਿਖਣ ਦਾ ਸਬੱਬ ਇਹ ਹੈ ਕਿ ਮੈਂ ਉਹਨਾਂ ਨੂੰ ਬਹੁਤ ਨੇੜਿਓਂ ਦੇਖਿਆ, ਜਾਣਿਆ, ਸਮਝਿਆ ਅਤੇ ਉਹਨਾਂ ਕੋਲੋਂ ਹੀ ਸਭ ਕੁਝ ਸਿੱਖਿਆ। ਮੈਂ ਜੀਵਨ ਦੇ ਲਗਭਗ 40 ਸਾਲ ਉਹਨਾਂ ਦੇ ਨਾਲ ਗੁਜ਼ਾਰੇ ਹਨ। ਇਸ ਲਈ ਅੱਜ ਉਸ ਮਹਾਨ ਸ਼ਖ਼ਸੀਅਤ ਨਾਲ ਸੰਬੰਧਿਤ ਕੁਝ ਉਹ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਦਾ ਹਾਂ ਜੋ ਸਭ ਲਈ ਪ੍ਰੇਰਨਾ ਦਾ ਸਬੱਬ ਹੋ ਸਕਦੀਆਂ ਨੇ।

ਬਾਲੀ ਸਾਹਿਬ 20 ਜੁਲਾਈ 1930 ਨੂੰ ਜ਼ਿਲ੍ਹਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿੱਚ ਮਾਤਾ ਪ੍ਰੇਮੀ ਅਤੇ ਪਿਤਾ ਭਗਵਾਨ ਦਾਸ ਦੇ ਘਰ ਪੈਦਾ ਹੋਏ। ਉਹ ਆਪਣੇ ਸੱਤ ਭੈਣ ਭਰਾਵਾਂ ਵਿੱਚੋਂ ਇੱਕ ਸਨ। ਉਹ ਬਚਪਨ ਤੋਂ ਹੀ ਤੇਜ ਬੁੱਧੀ ਵਾਲੇ, ਸ਼ਰੀਰਕ ਤੌਰ 'ਤੇ ਰਿਸ਼ਟ-ਪੁਸ਼ਟ, ਗੋਰਾ ਰੰਗ, 6 ਫੁੱਟ ਤੋਂ ਵੱਧ ਕੱਦ, ਗਰਜਵੀਂ ਬੁਲੰਦ ਆਵਾਜ਼, ਹੌਸਲਾ ਇੰਨਾ ਕਿ ਜੇ ਡਰ ਨਾਂ ਦੀ ਕੋਈ ਚੀਜ਼ ਹੈ ਤਾਂ ਉਹ ਵੀ ਉਹਨਾਂ ਤੋਂ ਡਰਦੀ ਸੀ। ਕੋਈ ਵੀ ਵਿਅਕਤੀ ਉਹਨਾਂ ਨੂੰ ਮਿਲ ਕੇ ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸੀ ਸਕਦਾ। ਉਹਨਾਂ ਦੇ ਚਿਹਰੇ ਦਾ ਤੇਜ਼ਗ ਅਤੇ ਔਰਾ ਬਹੁਤ ਹੀ ਕਮਾਲ ਸੀ। ਬਾਲੀ ਸਾਹਿਬ ਆਪਣੇ ਆਪ ਵਿੱਚ ਵਿਲੱਖਣ ਸੀ ਅਤੇ ਮੇਰੇ ਮੁਤਾਬਕ ਉਹਨਾਂ ਦੀ ਤੁਲਨਾ ਕਿਸੇ ਨਾਲ ਵੀ ਨਹੀਂ ਕੀਤੀ ਜਾ ਸਕਦੀ। ਉਹ ਆਪਣੀ ਮਿਸਾਲ ਆਪ ਸਨ। ਇਹ ਬਾਲੀ ਸਾਹਿਬ ਦੀ ਨਿਡਰਤਾ ਦਾ ਹੀ ਸਬੂਤ ਹੈ ਕਿ ਜਲੰਧਰ ਦਾ ਰੰਗੜ ਐਸ ਪੀ ਪਲਟਾ ਜਦ ਉਹਨਾਂ ਨੂੰ ਚਕਰਾਲੇ ਪਿੰਡ ਦੀ ਭੋਲੀ ਕੇਸ ਵਿੱਚ ਅਪ ਸ਼ਬਦ ਬੋਲਦਾ ਹੈ ਤਾਂ ਦਫ਼ਤਰ ਵਿੱਚ ਹੀ ਉਸਦੇ ਸਿਰ 'ਚ ਜੁੱਤੀਆਂ ਮਾਰ ਕੇ ਉਸਦੀ ਬਦਤਮੀਜ਼ੀ ਦਾ ਜਵਾਬ ਦਿੱਤਾ ਸੀ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਸਾਡੇ ਸਮਾਜ ਦੇ ਲੋਕ ਪੁਲਿਸ ਨੂੰ ਵੇਖ ਕੇ ਲੁਕ ਜਾਂਦੇ ਸਨ। ਗੱਲ ਮੁੱਕਦੀ ਹੈ ਕਿ ਉਨਾਂ ਦੀ ਖੱਲ ਵਿੱਚ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ। ਇਸ ਤੋਂ ਵੱਡਾ ਉਹਨਾਂ ਦੀ ਨਿਡਰਤਾ ਅਤੇ ਦਲੇਰੀ ਦਾ ਕੋਈ ਸਬੂਤ ਨਹੀਂ ਹੋ ਸਕਦਾ।

ਬਾਲੀ ਸਾਹਿਬ ਭਾਰਤ ਦੇ ਉਹਨਾਂ ਮਹਾਨ ਲੋਕਾਂ 'ਚੋਂ ਇੱਕ ਸਨ ਜਿਨ੍ਹਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਨਾਲ ਰਹਿ ਕੇ ਉਨ੍ਹਾਂ ਕੋਲੋਂ ਬਹੁਤ ਕੁਝ ਸਿੱਖਣ ਦਾ ਮਾਣ ਹਾਸਿਲ ਕੀਤਾ। 6 ਦਸੰਬਰ 1956 ਨੂੰ ਬਾਬਾ ਸਾਹਿਬ ਦੇ ਪ੍ਰੀ ਨਿਰਵਾਣ ਤੋਂ ਬਾਅਦ ਉਹਨਾਂ ਨੇ ਮਿਸ਼ਨ ਨੂੰ ਅੱਗੇ ਤੋਰਨ ਲਈ ਆਪਣੀ ਸਰਕਾਰੀ ਨੌਕਰੀ ਛੱਡ ਕੇ ਪੂਰੀ ਜ਼ਿੰਦਗੀ ਮਿਸ਼ਨ ਨੂੰ ਸਮਰਪਿਤ ਕਰ ਦਿੱਤੀ। ਉਹਨਾਂ ਮਿਸ਼ਨ ਦੇ ਪ੍ਰਚਾਰ ਹਿੱਤ 1958 ਤੋਂ ਭੀਮ ਪੱਤ੍ਰਿਕਾ ਉਰਦੂ ,ਅੰਗਰੇਜ਼ੀ ਤੇ ਫਿਰ ਹਿੰਦੀ, ਵਿੱਚ ਸ਼ੁਰੂ ਕੀਤੀ ਜੋ ਦੇਸ਼ ਦੀ ਅੰਬੇਡਕਰ ਮਿਸ਼ਨ ਨਾਲ ਸੰਬੰਧਿਤ ਸਭ ਤੋਂ ਲੰਬੀ ਚੱਲਣ ਵਾਲੀ ਅਖ਼ਬਾਰ ਹੈ, ਜਿਸ ਨੂੰ ਉਨਾਂ ਦੇ ਜਾਣ ਤੋਂ ਬਾਅਦ ਉਹਨਾਂ ਦਾ ਬੇਟਾ ਡਾ. ਰਾਹੁਲ ਬਾਲੀ ਦਿੱਲੀ ਤੋਂ ਈ ਪੇਪਰ ਦੇ ਰੂਪ ਵਿੱਚ ਅੱਜ ਵੀ ਪ੍ਰਕਾਸ਼ਿਤ ਕਰ ਰਿਹਾ ਹੈ। ਬਾਲੀ ਸਾਹਿਬ ਦਾ ਉਹ ਦੌਰ ਸੀ ਜਦੋਂ ਦੱਬੇ ਕੁਚਲੇ ਸਮਾਜ ਵਿੱਚ ਗਰੀਬੀ, ਭੁੱਖ-ਮਰੀ, ਲਾਚਾਰੀ, ਬੇਬਸੀ ਅਤੇ ਅੰਧ ਵਿਸ਼ਵਾਸ ਦਾ ਬਹੁਤ ਜ਼ਿਆਦਾ ਬੋਲਬਾਲਾ ਸੀ। ਉਸ ਸਮੇਂ ਇਸ ਜਾਤੀ ਪ੍ਰਧਾਨ ਬ੍ਰਾਹਮਣਵਾਦੀ ਦੇਸ਼ ਵਿੱਚ ਵਿਗਿਆਨਿਕ ਸੋਚ, ਚੇਤਨਾ, ਤਰਕ ,ਅਤੇ ਅੰਬੇਡਕਰਵਾਦ ਦੀ ਗੱਲ ਕਰਨਾ ਨੰਗੀ ਤਲਵਾਰ 'ਤੇ ਚੱਲਣ ਦੇ ਬਰਾਬਰ ਸੀ। ਪਰ ਧੰਨ ਸੀ ਉਹ ਲੋਕ ਜਿਨ੍ਹਾਂ ਨੇ ਕਿਸੇ ਗੱਲ ਦੀ ਵੀ ਪਰਵਾਹ ਕੀਤੇ ਬਿਨਾਂ ਆਪਣੇ ਨਿਜੀ ਹਿੱਤਾਂ ਤੋਂ ਉੱਪਰ ਉੱਠ ਕੇ ਬਾਬਾ ਸਾਹਿਬ ਦੇ ਮਿਸ਼ਨ ਦਾ ਕਾਰਵਾਂ ਅੱਗੇ ਤੋਰਿਆ ਚਾਹੇ ਇਸ ਦੀ ਕੀਮਤ ਕੁਝ ਵੀ ਤਾਰਨੀ ਕਿਉਂ ਨਾ ਪਈ ਹੋਵੇ। ਬਾਲੀ ਸਾਹਿਬ ਇਸ ਕਾਰਵਾਂ ਦੇ ਪੰਜਾਬ ਦੇ ਨਹੀਂ, ਬਲਕਿ ਪੂਰੇ ਭਾਰਤ ਦੇ ਮੋਹਰੀ ਆਗੂਆਂ ਵਿੱਚੋਂ ਇੱਕ ਸਨ।

ਬਾਬਾ ਸਾਹਿਬ ਦੇ ਨਾਗਪੁਰ ਵਿਖੇ 14 ਅਕਤੂਬਰ, 1956 ਨੂੰ ਬੁੱਧ ਧਰਮ ਵਿੱਚ ਦੀਕਸ਼ਿਤ ਹੋਣ ਤੋਂ ਬਾਅਦ ਪੰਜਾਬ ਵਿੱਚ ਬਾਲੀ ਸਾਹਿਬ ਨੇ ਆਪਣੇ ਸਾਥੀਆਂ ਸਮੇਤ 1963 ਨੂੰ ਚੱਕ ਹਕੀਮ ਫਗਵਾੜਾ ਵਿਖੇ ਬੁੱਧ ਧਮ ਦੀ ਦੀਕਸ਼ਾ ਲਈ। ਇਹਨਾਂ ਸਾਥੀਆਂ ਵਿੱਚ ਖਾਸ ਕਰਕੇ ਹਜ਼ਾਰਾਂ ਬੋਧੀ ਦਾ ਮਿਸ਼ਨ ਵਿੱਚ ਬੜਾ ਖਾਸ ਯੋਗਦਾਨ ਹੈ। ਹਜਾਰਾ ਰਾਮ ਬੋਧੀ ਪੰਜਾਬ ਦੇ ਪਹਿਲੇ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੇ ਆਪਣੇ ਨਾਮ ਨਾਲ ਬੋਧੀ ਸ਼ਬਦ ਜੋੜਿਆ। ਬਾਲੀ ਸਾਹਿਬ ਨੂੰ ਬੁੱਧ ਧਰਮ ਵਿੱਚ ਦੀਕਸ਼ਾ ਲੈਣ ਦੀ ਬਹੁਤ ਮਹਿੰਗੀ ਕੀਮਤ ਅਦਾ ਕਰਨੀ ਪਈ, ਕਿਉਂਕਿ ਉਸ ਸਮੇਂ ਧਰਮ ਪਰਿਵਰਤਨ ਨਾਲ ਦਲਿਤ ਲੋਕਾਂ ਨੂੰ ਮਿਲੀਆਂ ਸੰਵਿਧਾਨਿਕ ਸਹੂਲਤਾਂ ਤੋਂ ਕਾਨੂੰਨੀ ਤੌਰ 'ਤੇ ਵਾਂਝਾ ਕਰ ਦਿੱਤਾ ਜਾਂਦਾ ਸੀ। ਇਸੇ ਕਰਕੇ 1967 ਨੂੰ ਜਦ ਜਲੰਧਰ ਲੋਕ ਸਭਾ ਦੀ ਚੋਣ ਹੋਈ, ਉਸ ਸਮੇਂ ਇਹ ਜਨਰਲ ਸੀਟ ਸੀ, ਮਜਬੂਰੀ ਵਿੱਚ ਲੜਨੀ ਪਈ। ਇੱਕ ਪਾਸੇ ਬਾਲੀ ਸਾਹਿਬ ਤੇ ਦੂਜੇ ਪਾਸੇ ਮੁਕਾਬਲੇ ਵਿੱਚ ਇੰਦਰਾ ਗਾਂਧੀ ਦੀ ਕੈਬਨਟ ਦਾ ਰੱਖਿਆ ਮੰਤਰੀ ਕਾਂਗਰਸ ਦਾ ਸਿਰਕੱਢ ਆਗੂ ਸਵਰਨ ਸਿੰਘ, ਜਿਸ ਖਿਲਾਫ਼ ਕੋਈ ਪੇਪਰ ਦਾਖਿਲ ਕਰਨ ਦੀ ਵੀ ਹਿੰਮਤ ਨਹੀਂ ਸੀ ਕਰਦਾ।



LAHORI RAM BALLEY

20 JULY 1930 - 06 JULY 2023

ਬਾਲੀ ਸਾਹਿਬ ਅਕਸਰ ਕਿਹਾ ਕਰਦੇ ਸਨ, ਇਹ ਚੋਣ ਦਾ ਮੈਦਾਨ ਨਹੀਂ ਸੀ, ਮੇਰੇ ਖੜੇ ਹੋਣ ਨਾਲ ਜੰਗ ਦਾ ਮੈਦਾਨ ਬਣ ਗਿਆ। ਕਿੱਥੇ ਸਰਮਾਏਦਾਰ ਜੱਟ ਦੇਸ਼ ਦਾ ਰੱਖਿਆ ਮੰਤਰੀ ਤੇ ਕਿੱਥੇ ਮੈਂ ਗਰੀਬ ਦਾ ਪੁੱਤ, ਲੇਕਿਨ ਫਿਰ ਵੀ ਮੇਰੇ ਗਰੀਬ ਸਮਾਜ ਦੇ ਲੋਕਾਂ ਵੱਲੋਂ ਮਿਲਿਆ ਅਥਾਹ ਸਮਰਥਨ ਵੇਖ ਕੇ ਸਵਰਨ ਸਿੰਘ ਵਰਗਾ ਆਗੂ ਪਿੰਡਾਂ ਦੇ ਢੇਰਾਂ 'ਤੇ ਘੁੰਮਣ ਲਈ ਮਜਬੂਰ ਕਰ ਦਿੱਤਾ ਸੀ। ਪਰ ਮੇਰੇ ਖਿਲਾਫ਼ ਮੇਰੇ ਵਿਰੋਧੀਆਂ ਦਾ ਜਾਤੀ ਤੌਰ 'ਤੇ ਇਕੱਠੇ ਹੋਣਾ ਅਤੇ ਵੋਟਾਂ ਵਿੱਚ ਕੀਤੀ ਬੇਇਮਾਨੀ ਕਰਕੇ ਇਕ ਲੱਖ ਤੋਂ ਵੱਧ ਵੋਟ ਲਿਜਾ ਕੇ ਵੀ ਮੈਂ ਚੋਣ ਹਾਰ ਗਿਆ। ਇਸ ਹਾਰ ਤੋਂ ਬਾਅਦ ਉਨ੍ਹਾਂ ਵੋਟਾਂ ਦੀ ਰਾਜਨੀਤੀ ਤੋਂ ਕਿਨਾਰਾ ਕਰ ਲਿਆ। ਜਦ ਕਦੇ ਉਹਨਾਂ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਹ ਕਹਿੰਦੇ ਹੁੰਦੇ ਸਨ "ਇਸ ਜਾਤੀ ਪ੍ਰਧਾਨ ਦੇਸ਼ ਵਿੱਚ ਸੱਚ ਬੋਲਣ ਵਾਲਾ ਬੰਦਾ ਕਦੇ ਵੀ ਇਲੈਕਸ਼ਨ ਨਹੀਂ ਜਿੱਤ ਸਕਦਾ। ਇਸ ਦੇਸ਼ ਵਿੱਚ ਬਾਬਾ ਸਾਹਿਬ ਵਰਗੇ ਮਹਾਂਪੁਰਸ਼ ਇਲੈਕਸ਼ਨ ਨਹੀਂ ਜਿੱਤ ਸਕੇ, ਮੈਂ ਕੀ ਚੀਜ਼ ਆ।"

ਇਸ ਤੋਂ ਬਾਅਦ ਉਹਨਾਂ ਨੇ ਨਿਰੋਲ ਮਿਸ਼ਨ ਦਾ ਕੰਮ ਆਰੰਭ ਕੀਤਾ। ਪੂਰੇ ਦੇਸ਼ ਦੇ ਨਾਲ ਨਾਲ ਵਿਦੇਸ਼ਾਂ ਵਿੱਚ ਵੀ ਮਿਸ਼ਨ ਦੇ ਪ੍ਰਚਾਰ ਹਿੱਤ ਯਾਤਰਾਵਾਂ ਕੀਤੀਆਂ। ਅਨੇਕਾਂ ਮੁਲਕਾਂ ਵਿੱਚ ਅੰਬੇਡਕਰੀ ਅਤੇ ਬੁੱਧਿਸਟ ਸੰਸਥਾਵਾਂ ਦਾ ਗਠਨ ਕੀਤਾ। ਉਹਨਾਂ ਦੁਨੀਆ ਵਿੱਚ ਸੈਂਕੜੇ ਬੁੱਧ ਵਿਹਾਰ ਅਤੇ ਅੰਬੇਡਕਰ ਭਵਨ ਉਸਾਰੇ ਜੋ ਅੱਜ ਦਹਾਕਿਆਂ ਬਾਅਦ ਵੀ ਕਾਰਜਸ਼ੀਲ ਹਨ। ਇਸੇ ਤਰ੍ਹਾਂ ਅੰਬੇਡਕਰੀ ਸਾਹਿਤ ਵਿੱਚ ਵੀ ਬਾਲੀ ਸਾਹਿਬ ਦਾ ਬਹੁਤ ਵਡਮੁੱਲਾ ਯੋਗਦਾਨ ਹੈ। ਉਹਨਾਂ ਦੀ ਜਗਤ ਪ੍ਰਸਿੱਧ ਕਿਤਾਬ 'ਡਾ.ਅੰਬੇਡਕਰ ਜੀਵਨ ਅਤੇ ਮਿਸ਼ਨ' ਹਿੰਦੀ, ਪੰਜਾਬੀ ,ਅੰਗਰੇਜ਼ੀ,ਅਤੇ ਹੁਣ ਡੱਚ ਜਰਮਨ ਭਾਸ਼ਾ ਵਿੱਚ ਵੀ ਛਪ ਚੁੱਕੀ ਹੈ। ਪੰਜਾਬੀ ਵਿੱਚ ਇਹ ਕਿਤਾਬ 2009 ਤੋਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਕਾਲਜ ਯੂਨੀਵਰਸਿਟੀਆਂ ਅਤੇ ਸਭ ਵਿੱਦਿਅਕ ਅਦਾਰਿਆਂ ਲਈ ਮਾਨਤਾ ਪ੍ਰਾਪਤ ਹੈ।

ਇਸ ਤੋਂ ਇਲਾਵਾ ਮਿਸ਼ਨ ਨਾਲ ਸੰਬੰਧਿਤ 100 ਤੋਂ ਵੱਧ ਕਿਤਾਬਾਂ ਉਹਨਾਂ ਲਿਖੀਆਂ ਜਿਨ੍ਹਾਂ ਵਿੱਚੋਂ ਦੋ ਕਿਤਾਬਾਂ 'ਹਿੰਦੂਇਜ਼ਮ ਧਰਮ ਜਾਂ ਕਲੰਕ ?' ਅਤੇ 'ਰੰਗੀਲਾ ਗਾਂਧੀ' ਪੰਜਾਬ ਸਰਕਾਰ ਵਲੋਂ ਇਨ੍ਹਾਂ ਕਿਤਾਬਾਂ 'ਤੇ ਪਾਬੰਦੀ ਲਗਾ ਦਿੱਤੀ ਗਈ। ਪੂਰੇ ਭਾਰਤ ਵਿੱਚ ਕੁਝ ਗਿਣਤੀ ਦੇ ਅੰਬੇਡਕਰੀਆਂ ਵਿੱਚੋਂ ਬਾਲੀ ਸਾਹਿਬ ਇੱਕ ਸਨ ਜਿਨ੍ਹਾਂ ਦੀਆਂ ਕਿਤਾਬਾਂ ਸਰਕਾਰਾਂ ਵੱਲੋਂ ਪਾਬੰਦ ਕੀਤੀਆਂ ਗਈਆਂ, ਜਿਨ੍ਹਾਂ ਕਿਤਾਬਾਂ ਕਰਕੇ ਮੁਕੱਦਮੇ ਹੋਏ। ਆਪਣੀ ਤਰਕ ਬੁੱਧੀ, ਆਪਣੇ ਕਾਨੂੰਨੀ ਗਿਆਨ ਦੇ ਦਮ 'ਤੇ ਅਤੇ ਸਖਤ ਮਿਹਨਤ ਨਾਲ ਮੁਕੱਦਮੇ ਵੀ ਜਿੱਤੇ। ਹਜ਼ਾਰਾਂ ਤਰ੍ਹਾਂ ਦੇ ਦਬਾਅ ਹੋਣ ਦੇ ਬਾਵਜੂਦ ਕੋਈ ਵੀ ਕਿਤਾਬ ਵਾਪਸ ਨਹੀਂ ਲਈ ਅਤੇ ਨਾ ਹੀ ਮਾਫ਼ੀ ਮੰਗੀ। ਧਰਮ ਕਲੰਕ ਕਿਤਾਬ ਦੇ ਸੰਬੰਧ ਵਿੱਚ 1994 ਨੂੰ ਜਲੰਧਰ ਇਕ ਇੱਕ ਹੋਟਲ ਵਿੱਚ ਪ੍ਰੈੱਸ ਕਾਨਫਰੰਸ ਹੋਈ ਤਾਂ ਮੈ ਉਹਨਾਂ ਦੇ ਨਾਲ ਸੀ। ਅਲੱਗ ਅਲੱਗ ਅਖ਼ਬਾਰਾ ਦੇ ਦਰਜਨਾਂ ਪੱਤਰਕਾਰ ਉੱਥੇ ਹਾਜ਼ਰ ਸਨ। ਬਾਲੀ ਸਾਹਿਬ ਨੂੰ ਇੱਕ ਪੱਤਰਕਾਰ ਵੱਲੋਂ ਸਵਾਲ ਕੀਤਾ ਗਿਆ ਕਿ ਜੇਕਰ ਇਸ ਕਿਤਾਬ ਦਾ ਵਿਵਾਦ ਜ਼ਿਆਦਾ ਵੱਧ ਜਾਂਦਾ ਹੈ, ਕੀ ਤੁਸੀਂ ਮਾਫ਼ੀ ਮੰਗੋਗੇ ? ਤਾਂ ਬਾਲੀ ਸਾਹਿਬ ਨੇ ਜਵਾਬ ਦਿੱਤਾ ਬਿਲਕੁਲ ਨਹੀਂ। ਨਾ ਮਾਫ਼ੀ, ਮੇਰੀ ਕਿਤਾਬ ਦਾ ਜਵਾਬ ਕਿਤਾਬ ਲਿਖ ਕੇ ਦੇਣ, ਕਿਉਂਕਿ ਮੈਂ ਇਸ ਕਿਤਾਬ ਵਿੱਚ ਕੁਝ ਵੀ ਕੋਲੋਂ ਨਹੀਂ ਲਿਖਿਆ। ਹਰ ਗੱਲ ਦਾ ਕਿਤਾਬ ਵਿੱਚ ਹੀ ਪ੍ਰਮਾਣ ਹੈ। ਆਖਿਰ ਪੰਜਾਬ ਸਰਕਾਰ ਨੇ ਇਸ ਕਿਤਾਬ 'ਤੇ ਪਾਬੰਦੀ ਲਾ ਕੇ ਸਾਰਾ ਵਿਵਾਦ ਠੰਡੇ ਬਸਤੇ ਵਿੱਚ ਪਾ ਦਿੱਤਾ। ਪੰਜਾਬ ਸਰਕਾਰ ਨੂੰ ਖਦਸ਼ਾ ਸੀ ਕਿ ਇਹ ਵਿਵਾਦ ਵੱਡੇ ਵਿਵਾਦ ਨੂੰ ਜਨਮ ਨਾ ਦੇ ਦੇਵੇ। ਸਰਕਾਰਾਂ ਕੋਈ ਵੀ ਹੋਣ, ਉਹ ਸਦਾ ਅੰਬੇਡਕਰੀ ਵਿਚਾਰਧਾਰਾ ਤੋਂ ਡਰਦੀਆਂ ਰਹੀਆਂ ਹਨ। ਕੁਝ ਆਪਣਿਆਂ ਦੀ ਗੱਦਾਰੀ, ਕੁਝ ਸਰਕਾਰਾਂ ਦਾ ਦਮਨ, ਕੁਝ ਸੱਚ ਬੋਲਣ ਦੀ ਆਦਤ ਅਤੇ ਕੱਟੜ ਅੰਬੇਡਕਰੀ ਹੋਣ ਦਾ ਮੁੱਲ ਅਨੇਕਾਂ ਮੁਕੱਦਮਿਆਂ ਦੇ ਰੂਪ ਵਿੱਚ ਵੀ ਤਾਰਨਾ ਪਿਆ। ਇਥੋਂ ਤੱਕ ਕਿ ਜਿਸ ਦਿਨ ਬਾਲੀ ਸਾਹਿਬ ਇਸ ਦੁਨੀਆਂ ਤੋਂ ਰੁਖ਼ਸਤ ਹੋਏ, ਉਸ ਦਿਨ ਵੀ ਉਹਨਾਂ ਉੱਪਰ ਇੱਕ ਮੁਕੱਦਮਾ ਚੱਲਦਾ ਰਿਹਾ ਸੀ, ਜਿਸ ਦਾ ਫ਼ੈਸਲਾ ਉਹਨਾਂ ਦੇ ਜਾਣ ਤੋਂ ਦੋ ਮਹੀਨੇ ਬਾਅਦ ਉਹਨਾਂ ਦੇ ਹੱਕ ਵਿੱਚ ਹੋਇਆ। ਕਿਸੇ ਦੇ ਵੀ ਕੰਮ ਦੀ ਪ੍ਰਮਾਣਤਾ ਦਾ ਪੈਮਾਨਾ ਇਹ ਹੁੰਦਾ ਹੈ ਕਿ ਉਸਦੇ ਚਾਹੁਣ ਵਾਲਿਆਂ ਤੋਂ ਇਲਾਵਾ ਉਸਦੇ ਵਿਰੋਧੀ ਵੀ ਉਸਦਾ ਲੋਹਾ ਮੰਨਣ।

ਅੱਜ ਚਾਹੇ ਬਾਲੀ ਸਾਹਿਬ ਸਾਡੇ ਦਰਮਿਆਨ ਨਹੀਂ ਪਰ ਉਹਨਾਂ ਦੇ ਕੱਟੜ ਵਿਰੋਧੀ ਵੀ ਉਹਨਾਂ ਦੇ ਕੀਤੇ ਕੰਮ, ਉਹਨਾਂ ਦੇ ਗਿਆਨ, ਉਹਨਾਂ ਦੇ ਦ੍ਰਿੜ ਵਿਸ਼ਵਾਸ ਅਤੇ ਬੁਲੰਦ ਹੌਸਲੇ ਦਾ ਲੋਹਾ ਮੰਨਦੇ ਹਨ। ਬਾਲੀ ਸਾਹਿਬ ਨੂੰ ਜਿਉਂਦੇ ਜੀਅ ਵੀ ਅਤੇ ਜਾਣ ਤੋਂ ਬਾਅਦ ਵੀ ਖ਼ਾਸ ਕਰਕੇ ਪੰਜਾਬ ਵਿੱਚ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੇ ਅਨੇਕਾਂ ਕਾਰਨ ਨੇ। ਇਥੇ ਉਹਨਾਂ ਦਾ ਜ਼ਿਕਰ ਸੰਭਵ ਨਹੀਂ ਪਰ ਇੱਕ ਘਟਨਾ ਦਾ ਜ਼ਿਕਰ ਹੀ ਸਿੱਧ ਕਰਨ ਲਈ ਕਾਫ਼ੀ ਹੈ ਕਿ ਇਹ ਵਿਰੋਧ ਨਿੱਜੀ, ਸਵਾਰਥੀ ਅਤੇ ਬੇਬੁਨਿਆਦ ਸੀ ਅਤੇ ਹੈ। **(ਬਾਕੀ ਸਫਾ 14 ਤੇ)**

# ਬਾਲੀ ਸਾਹਿਬ ਨੂੰ ਯਾਦ ਕਰਦਿਆਂ

ਇਹ ਗੱਲ ਸਾਰੇ ਚੰਗੀ ਤਰ੍ਹਾ ਜਾਣਦੇ ਹਨ ਕਿ ਬਾਲੀ ਸਾਹਿਬ ਪੱਕੇ ਨਾਸਤਿਕ ਸਨ ਪਰ ਇਸ ਦੇ ਬਾਵਜੂਦ ਉਹਨਾ 2009 ਵਿੱਚ ਸੰਤ ਰਾਮਾ ਨੰਦ ਮਹਾਰਾਜ ਜੀ ਦੇ ਵਿਆਨਾ, ਅਸਟਰੀਆ ਵਿੱਚ ਕੀਤੇ ਕਤਲ ਤੋਂ ਬਾਅਦ ਪੰਜਾਬ ਦੇ ਹਾਲਾਤ ਬੁਰੀ ਤਰ੍ਹਾਂ ਵਿਗੜ ਗਏ ਤੇ ਬੇਕਾਬੂ ਹੋ ਗਏ। ਬੇਕਾਬੂ ਹੋਏ ਹਾਲਾਤਾਂ ਵਿੱਚ ਦਲਿਤ ਸਮਾਜ ਦੇ ਪੰਜ ਬੰਦੇ ਸ਼ਹੀਦ ਵੀ ਹੋਏ। ਸਾਰਾ ਸਮਾਜ ਸਹਿਮ ਦੇ ਮਾਹੌਲ ਵਿੱਚ ਜੀਣ ਲੱਗਾ। ਇਸ ਸਹਿਮ ਭਰੀ ਖੜੋਤ ਨੂੰ ਤੋੜਨ ਲਈ ਬਾਲੀ ਸਾਹਿਬ ਨੇ ਸਾਰੀਆਂ ਗੁਰੂ ਰਵਿਦਾਸ ਸਭਾਵਾਂ ਦੇ ਆਗੂ ਅੰਬੇਡਕਰ ਭਵਨ ਜਲੰਧਰ ਸੱਦੇ ਤੇ ਕਿਹਾ ਕਿ ਇੱਕ ਪ੍ਰੋਗਰਾਮ ਕੀਤਾ ਜਾਵੇ ਜਿਸ ਵਿੱਚ ਲੋਕਾਂ ਨੂੰ ਲਾਮਬੰਦ ਕਰਕੇ ਲੋਕਾਂ ਦਾ ਡਰ ਖ਼ਤਮ ਕੀਤਾ ਜਾਵੇ। ਮੀਟਿੰਗ ਵਿੱਚ ਹਾਜ਼ਰ ਸੈਂਕੜੇ ਲੋਕਾਂ ਵਿੱਚੋਂ ਕਿਸੇ ਨੇ ਵੀ ਇਸ ਗੱਲ ਦੀ ਹਾਮੀ ਨਾ ਭਰੀ ਕਿ ਸਾਡੀ ਸਭਾ ਦੇ ਬੈਨਰ ਹੇਠ ਪ੍ਰੋਗਰਾਮ ਕਰ ਲਿਆ ਜਾਵੇ। ਫਿਰ ਅਸੀਂ ਅੰਬੇਡਕਰੀਆਂ ਨੇ ਇੱਕ ਸਭਾ ਦਾ ਗਠਨ ਕੀਤਾ ਜਿਸਦਾ ਨਾਮ 'ਗੁਰੂ ਰਵਿਦਾਸ ਇੰਟਰਨੈਸ਼ਨਲ ਮਹਾ ਸਭਾ', ਜਿਸਦਾ ਜੇ.ਬੀ ਕੌਲ ਨੂੰ ਪ੍ਰਧਾਨ ਤੇ ਮੈਨੂੰ ਉਸਦਾ ਕਨਵੀਨਰ ਬਣਾਇਆ ਗਿਆ।

ਦੇਸ਼ ਭਗਤ ਯਾਦਗਾਰ ਜਲੰਧਰ ਵਿੱਚ 4 ਜੁਲਾਈ 2009 ਨੂੰ ਸ਼ਹੀਦ ਰਾਮਾਨੰਦ ਜੀ ਦੀ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਤ ਰਾਮਮਾਨੰਦ ਜੀ ਦੇ ਪਿਤਾ ਸ਼੍ਰੀ ਮਹਿੰਗਾ ਰਾਮ ਜੀ ਨੂੰ ਸਨਮਾਨਿਤ ਕੀਤਾ ਗਿਆ। ਹਜ਼ਾਰਾਂ ਲੋਕਾਂ ਨੇ ਇਸ ਪ੍ਰੋਗਰਾਮ ਵਿੱਚ ਹਾਜਰੀ ਲਗਵਾਈ। ਬਾਲੀ ਸਾਹਿਬ ਨੇ ਇਸ ਸਭਾ ਵਿੱਚ ਬਹੁਤ ਹੀ ਇਤਿਹਾਸਿਕ ਭਾਸ਼ਨ ਦਿੱਤਾ। ਸੰਤਾਂ ਦੇ ਕਤਲ ਦੇ ਪਿਛੋਕੜ ਵਾਲੇ ਤੱਥ ਤੋਂ ਸਭ ਨੂੰ ਜਾਣੂ ਕਰਵਾਇਆ। ਇਸ ਸਭਾ ਵਿੱਚ ਡਾ. ਜੀ ਸੀ ਕੌਲ, ਸੇਠ ਸਤਪਾਲ ਮੱਲ, ਡਾ. ਰੌਣਕੀ ਰਾਮ, ਡਾ. ਐਸ ਐਲ ਵਿਰਦੀ, ਸੁਭਾਸ਼ ਚੰਦਰ ਮੁਸਾਫ਼ਿਰ, ਜੈ ਸਿੰਘ, ਜੇ ਬੀ ਕੋਲ, ਡਾ.ਮਹਿੰਦਰ ਸੰਧੂ, ਬਲਦੇਵ ਰਾਜ ਭਾਰਦਵਾਜ ਅਤੇ ਵਿਜੇ ਵਾਲੀਆ ਹਾਜ਼ਰ ਸਨ। ਇਸ ਸਮਾਗਮ ਦੀ ਸਟੇਜ ਦਾ ਸੰਚਾਲਨ ਮੈਂ ਖੁਦ ਕੀਤਾ। ਇਸ ਘਟਨਾ ਦਾ ਜ਼ਿਕਰ ਇਸ ਲਈ ਕੀਤਾ ਗਿਆ ਕਿ ਬਾਲੀ ਸਾਹਿਬ ਤਾਂ ਨਾਸਤਕ ਸਨ, ਉਹਨਾਂ ਸੰਤਾਂ ਦੇ ਸ਼ਰਧਾਂਜਲੀ ਸਮਾਗਮ ਕਿਉਂ ਕੀਤੇ? ਉਹਨਾਂ ਦਾ ਕਹਿਣਾ ਸੀ ਕਿ ਜਿੱਥੇ ਵੀ ਕਿਤੇ ਸਮਾਜ ਨਾਲ ਧੱਕਾ ਹੁੰਦਾ ਹੋਵੇ, ਉਹ ਸਮਾਜਿਕ ਹੋਵੇ ਜਾਂ ਧਾਰਮਿਕ, ਮੈਂ ਕਦੇ ਵੀ ਪਿੱਛੇ ਨਹੀਂ ਹਟਿਆ। ਉਹ ਚਾਹੇ ਚੁਗਿੱਟੀ ਦਾ 1983 ਦਾ ਗੁਰੂ ਰਵਿਦਾਸ ਗੁਰਦੁਆਰੇ ਦਾ ਝਗੜਾ ਹੋਵੇ, ਜਾਂ ਰੇਰੂ ਪਿੰਡ ਗੁਰੂ ਰਵਿਦਾਸ ਟਰਸਟ ਦੀ ਜਮੀਨ ਦਾ ਝਗੜਾ ਹੋਵੇ, ਜਾਂ 2007 ਦਾ ਤੱਲ੍ਹਣ ਦਾ ਝਗੜਾ ਹੋਵੇ। ਤੱਲ੍ਹਣ ਪਿੰਡ ਦਾ ਝਗੜਾ ਇੰਨਾ ਜ਼ਿਆਦਾ ਪਚੀਦਾ ਹੋ ਗਿਆ ਸੀ ਕਿ ਜ਼ਾਤ ਅਭਿਮਾਨੀ ਲੋਕਾਂ ਨੇ ਇਸ ਨੂੰ ਮੁੱਛ ਦਾ ਸਵਾਲ ਬਣਾ ਲਿਆ ਸੀ। ਇਸ ਝਗੜੇ ਨੂੰ ਖ਼ਤਮ ਹੋਣ ਨੂੰ ਲੰਬਾ ਸਮਾਂ ਲੱਗਾ। ਇਸ ਝਗੜੇ ਕਾਰਨ ਤੱਲ੍ਹਣ ਪਿੰਡ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਸੀ। ਇਹ ਪੰਜਾਬ ਦਾ ਪਹਿਲਾ ਪਿੰਡ ਸੀ ਜਿੱਥੇ 18 ਦਿਨ ਕਰਫ਼ਿਊ ਲੱਗਾ ਰਿਹਾ। ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਅੰਬਿਕਾ ਸੋਨੀ ਅਤੇ ਹੋਰ ਕਈ ਵੱਡੇ ਲੀਡਰ ਪਿੰਡ ਵਿੱਚ ਸੁਲਾਹ ਕਰਾਉਣ ਲਈ ਆਏ ਪਰ ਸਮਝੌਤਾ ਨਹੀਂ ਹੋਇਆ। ਜੇਕਰ ਇਸ ਝਗੜੇ ਨੂੰ ਖ਼ਤਮ ਕਰਨ ਦੀ ਅਗਵਾਹੀ ਬਾਲੀ ਸਾਹਿਬ ਨਾ ਕਰਦੇ ਤਾਂ ਲਾਜ਼ਮੀ ਤੌਰ 'ਤੇ ਸਾਡੇ ਸਮਾਜ ਦੀ ਪਿੱਠ ਲੱਗਣੀ ਸੀ, ਕਿਉਂਕਿ ਕੋਈ ਵੀ ਲੜਾਈ ਜਿੱਤਣ ਲਈ ਸਹੀ ਸਮਝ, ਦ੍ਰਿੜ ਵਿਸ਼ਵਾਸ, ਜਿੱਤ ਦਾ ਜਜ਼ਬਾ ਅਤੇ ਇਖਲਾਕ ਦਾ ਪੱਕਾ ਹੋਣਾ ਬਹੁਤ ਜ਼ਰੂਰੀ ਹੈ। ਇਹ ਸਭ ਗੁਣ ਬਾਲੀ ਸਾਹਿਬ ਵਿੱਚ ਸਨ। ਬਾਲੀ ਸਾਹਿਬ ਵਿੱਚ ਇੱਕ ਹੋਰ ਬੜੀ ਵੱਡੀ ਖ਼ੂਬੀ ਸੀ ਕਿ ਉਹ ਜ਼ਿਆਦਾ ਪੜ੍ਹੇ ਲਿਖੇ ਬੰਦਿਆਂ ਨੂੰ ਘੱਟ ਹੀ ਪਸੰਦ ਕਰਦੇ ਸਨ। ਉਹ ਅਕਸਰ ਕਿਹਾ ਕਰਦੇ ਸਨ, ਮੇਰੇ ਨਾਲ ਜਿੰਨ੍ਹੇ ਵੀ ਪੜ੍ਹੇ ਲਿਖੇ ਆਏ ਕੋਈ ਮੰਤਰੀ ਬਣ ਗਿਆ, ਕੋਈ ਸੰਤਰੀ ਬਣ ਗਿਆ, ਜੋ ਕੁਝ ਬਚੇ ਉਹਨਾਂ ਵਿੱਚੋਂ ਬਹੁਤੇ ਧੋਖਾ ਦੇ ਗਏ। ਅਨਪੜ੍ਹ ਬੰਦਾ ਜਦੋਂ ਗੱਲ ਨੂੰ ਚੰਗੀ ਤਰਾਂ ਸਮਝ ਲੈਂਦਾ ਹੈ ਫਿਰ ਉਹ ਆਪਣੇ ਸਿਧਾਂਤ ਨਾਲ ਸਮਝੌਤਾ ਨਹੀਂ ਕਰਦਾ ਅਤੇ ਨਾ ਹੀ ਥਿੜਕਦਾ ਹੈ, ਬੇਸ਼ੱਕ ਜਾਨ ਚਲੀ ਜਾਵੇ। ਉਹ ਕਹਿੰਦੇ ਹੁੰਦੇ ਸੀ ਮੇਰੇ ਨਾਲ ਜਿੰਨੇ ਵੀ ਅਨਪੜ੍ਹ ਲੋਕ ਆਏ ਉਹਨਾਂ ਸਭ ਨੇ ਮੇਰਾ ਤਨਦੇਹੀ ਨਾਲ ਸਾਥ ਦਿੱਤਾ ਅਤੇ ਬਾਬਾ ਸਾਹਿਬ ਦਾ ਮਿਸ਼ਨ ਇਨ੍ਹਾ ਸਧਾਰਨ ਅਨਪੜ੍ਹ ਲੋਕਾਂ ਕਰਕੇ ਹੀ ਸਫ਼ਲ ਹੋਇਆ।

ਬਾਲੀ ਸਾਹਿਬ ਦੇ ਜੀਵਨ ਨਾਲ ਜੁੜੇ ਅਨੇਕਾਂ ਕਿਸੇ ਹੋਰ ਵੀ ਨੇ ਪਰ ਸਭ ਦਾ ਜ਼ਿਕਰ ਇੱਥੇ ਸੰਭਵ ਨਹੀਂ। ਉਹਨਾਂ ਬਾਰੇ ਜੇ ਕਿਸੇ ਨੇ ਹੋਰ ਵੱਧ ਜਾਨਣਾ ਹੈ ਤਾਂ ਉਹਨਾਂ ਦੀ ਆਤਮ ਕਥਾ 'ਅੰਬੇਡਕਰੀ ਹੋਣ ਦਾ ਅਰਥ' ਪੜ੍ਹ ਸਕਦੇ ਹਨ।

ਅਖੀਰ ਵਿੱਚ ਬਾਲੀ ਸਾਹਿਬ ਦੀ ਮਿਸ਼ਨ ਨੂੰ ਜੋ ਦੇਣ ਹੈ, ਉਸ ਦਾ ਕੋਈ ਸਾਅਨੀ ਨਹੀਂ। ਉਹਨਾਂ ਨੇ ਬਾਬਾ ਸਾਹਿਬ ਨਾਲ ਕੀਤਾ ਬਚਨ ਜ਼ਿੰਦਗੀ ਦੇ ਆਖ਼ਰੀ ਸਾਹ ਤੱਕ ਨਿਭਾਇਆ। ਉਹ ਆਪਣੀ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ। ਉਨਾਂ ਵੱਲੋਂ ਕੀਤੇ ਗਏ ਮਹਾਨ ਕੰਮਾਂ ਵਿੱਚ ਖ਼ਾਸ ਤੌਰ 'ਤੇ ਬਾਬਾ ਸਾਹਿਬ ਦੀ ਦੀ ਚਰਨ ਛੋਹ ਪ੍ਰਾਪਤ ਭੂਮੀ, ਆਪਣੇ ਸਾਥੀ ਕਰਮ ਚੰਦ ਬਾਠ ਨਾਲ ਮਿਲ ਕੇ 1963 ਵਿੱਚ ਬੜੀ ਮੁਸ਼ੱਕਤ ਨਾਲ ਖ਼ਰੀਦੀ। ਫਿਰ 1972 ਵਿੱਚ ਅੰਬੇਡਕਰ ਭਵਨ ਟਰੱਸਟ ਬਣਾ ਕੇ ਇਹ ਜ਼ਮੀਨ ਉਸਦੇ ਨਾਮ ਕਰਵਾਈ। ਅੰਬੇਡਕਰ ਭਵਨ ਅੱਜ ਪੰਜਾਬ ਵਿੱਚ ਨਹੀਂ ਬਲਕਿ ਉੱਤਰੀ ਭਾਰਤ ਵਿੱਚ ਅੰਬੇਡਕਰੀ ਗਤੀਵਿਧੀਆਂ ਦਾ ਮੁੱਖ ਕੇਂਦਰ ਹੈ।

ਇਸੇ ਤਰ੍ਹਾਂ ਆਪਣੇ ਸਾਥੀ ਐਡਵੋਕੇਟ ਭਗਵਾਨ ਦਾਸ ਨਾਲ ਮਿਲ ਕੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਦਾ ਗਠਨ ਕੀਤਾ। ਸੁਸਾਇਟੀ ਨੇ ਪਿਛਲੇ 50 ਸਾਲ ਮਿਸ਼ਨ ਵਿੱਚ ਬੇਮਿ-ਸਾਲ ਕੰਮ ਕੀਤਾ। ਇਸ ਸੋਸਾਇਟੀ ਦਾ ਮੈਂ ਵੀ ਦੋ ਸਾਲ ਪ੍ਰਧਾਨ ਰਿਹਾ ਹਾਂ ਅਤੇ ਹੁਣ ਬਤੌਰ ਮੁੱਖ ਸਲਾਹਕਾਰ ਸੇਵਾ ਨਿਭਾ ਰਿਹਾ ਹਾਂ। ਬਾਬਾ ਸਾਹਿਬ ਦੁਆਰਾ 1927 ਵਿੱਚ ਸਥਾਪਿਤ ਸਮਤਾ ਸੈਨਿਕ ਦਲ ਮੁੜ ਤੋਂ ਪੁਨਰ ਸੁਰਜੀਤ ਕਰਨ ਦਾ ਸਿਹਰਾ ਵੀ ਬਾਲੀ ਸਾਹਿਬ ਸਿਰ ਵੱਝਦਾ ਹੈ। ਪੂਰੇ ਭਾਰਤ ਵਿੱਚ ਬਾਲੀ ਸਾਹਿਬ ਨੇ ਅਨੇਕਾਂ ਮਿਸ਼ਨਰੀ ਸੰਸਥਾਵਾਂ ਦਾ ਗਠਨ ਕੀਤਾ। ਉਹ ਆਪਣੀ ਜ਼ਿੰਦਗੀ ਦੇ 93 ਸਾਲ ਬਾਬਾ ਸਾਹਿਬ ਦੇ ਮਿਸ਼ਨ ਦੇ ਲੇਖੇ ਲਾ ਕੇ, ਲੱਖਾਂ ਲੋਕਾਂ ਨੂੰ ਨਵੀਂ ਚੇਤਨਾ ਦੇਕੇ, ਸੱਚੇ ਸੁੱਚੇ ਮਿਸ਼ਨ ਦੇ ਲੜ ਲਾ ਕੇ, ਆਪਣੇ ਜੀਵਨ ਦੇ ਸਾਰੇ ਸੁੱਖ ਤਿਆਗ ਕੇ, ਦੱਬੇ ਕੁਚਲੇ ਸਮਾਜ ਦੇ ਦਰਦ ਨੂੰ ਸਿਰਫ਼ ਸਮਝਿਆ ਹੀ ਨਹੀਂ ਬਲਕਿ ਉਸਨੂੰ ਖ਼ਤਮ ਕਰਨ ਦਾ ਪੂਰਾ ਯਤਨ ਕੀਤਾ। ਪੂਰੀ ਦੁਨੀਆ ਨੂੰ ਗਿਆਨ ਦੀ ਰੌਸ਼ਨੀ ਵੰਡਦਾ ਇਹ ਅੰਬੇਡਕਰੀ ਆਕਾਸ਼ ਦਾ ਸੂਰਜ, ਅੰਤ 6 ਜੁਲਾਈ, 2023 ਨੂੰ ਸਦਾ ਲਈ ਅਸਤ ਹੋ ਗਿਆ ਅਤੇ ਪਿੱਛੇ ਛੱਡ ਗਿਆ ਲੱਖਾਂ ਲੋਕਾਂ ਦੀ ਚੇਤਨਾ ਵਿੱਚ ਬਾਬਾ ਸਾਹਿਬ ਅੰਬੇਡਕਰ ਦਾ ਪ੍ਰਚੰਡ ਮਿਸ਼ਨ, ਜੋ ਨਿਰੰਤਰ ਆਪਣੀ ਮੰਜ਼ਿਲ ਵੱਲ ਵੱਧਦਾ ਜਾ ਰਿਹਾ ਹੈ। ਬਾਲੀ ਸਾਹਿਬ ਵੱਲੋਂ ਬੀਜੇ ਅਣਖ ਦੇ ਬੀਜ, ਜੋ ਉਹਨਾਂ ਖ਼ੂਨ ਨਾਲ ਸਿੰਜੇ ਸਨ, ਅੱਜ ਗੈਰਤਮੰਦੀ ਦਾ ਅਹਿਸਾਸ ਕਰਵਾ ਰਹੇ ਹਨ। ਅੰਬੇਡਕਰ ਮਿਸ਼ਨ ਦਾ ਇਹ ਕਾਫਲਾ ਬਾਲੀ ਸਾਹਿਬ ਅਤੇ ਉਹਨਾਂ ਵਰਗੇ ਮਹਾਨ ਯੋਧਿਆਂ ਨੂੰ ਸਦਾ ਯਾਦ ਕਰਦਾ ਰਹੇਗਾ।

ਆਖਿਰ ਵਿੱਚ ਮੇਰੀ ਗ਼ਜ਼ਲ ਦੇ ਕੁਝ ਸ਼ੇਅਰ, ਜੋ ਬਾਲੀ ਸਾਹਿਬ ਦੇ ਜਾਣ ਤੋਂ ਬਾਅਦ ਲਿਖੇ ਸਨ, ਉਹਨਾਂ ਨੂੰ ਖ਼ਿਰਾਜ਼ ਇ ਅਕੀਦਤ ਵਜੋਂ ਪੇਸ਼ ਹਨ:

"ਅੱਜ ਆਪ ਸਦਾ ਲਈ ਸੌਂ ਗਿਆ ਦੁਨੀਆ ਜਗਾਉਣ ਵਾਲਾ ,  
ਮਸੀਹਾ ਸੀ ਉਹ ਕੌਮ ਦਾ ਦੁੱਖੜੇ ਵੰਡਾਉਣ ਵਾਲਾ ।  
ਰੁਕਿਆ ਕਦੇ ਨਾ, ਝੁਕਿਆ ਕਦੇ ਨਾ, ਡਰਿਆ ਕਦੇ ਨਾ ਉਹ,  
ਡੰਕੇ ਦੀ ਚੋਟ ਬੋਲਿਆ ਸੱਚ ਦੁਨੀਆ ਹਿਲਾਉਣ ਵਾਲਾ।  
ਬਾਲੀ ਸਾਹਿਬ ਨੂੰ ਇਹੋ ਸ਼ਰਧਾ ਦੇ ਫੁੱਲ ਨੇ ਯਾਰੋ,  
ਇੱਕ ਵੀ ਬਚੇ ਨਾ ਕੋਈ ਹਨੇਰਾ ਫੈਲਾਉਣ ਵਾਲਾ।"

**ਚਰਨ ਦਾਸ ਸੰਧੂ,**
**ਮੁੱਖ ਸਲਾਹਕਾਰ**
**ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.)ਪੰਜਾਬ।**
**94640-66955**






# ਵਿਕਟੋਰੀਆ 'ਚ ਲੱਗਣ ਵਾਲੀ ਪਿਕਨਿਕ ਦੌਰਾਨ ਥਰੈਪੀ ਘੋੜੇ ਹੋਣਗੇ ਸ਼ਾਮਿਲ

## ਥੈਰਾਪਿਊਟਿਕ ਰਾਈਡਿੰਗ ਐਸੋਸੀਏਸ਼ਨ ਵੱਲੋਂ ਲੋਕਾਂ ਨੂੰ ਖੁੱਲ੍ਹਾ ਸੱਦਾ

**ਵੈਨਕੂਵਰ , 5 ਜੁਲਾਈ (ਮਲਕੀਤ ਸਿੰਘ)** – ਵਿਕਟੋਰੀਆ ਥੈਰਾਪਿਊਟਿਕ ਰਾਈਡਿੰਗ ਐਸੋਸੀਏਸ਼ਨ ਵੱਲੋਂ ਅਗਲੇ ਸ਼ਨੀਵਾਰ ਵਿਕਟੋਰੀਆ ਵਿੱਚ ਸਥਾਨਕ ਭਾਈਚਾਰੇ ਦੇ ਲੋਕਾਂ ਲਈ ਵਿਸ਼ੇਸ਼ ਪਿਕਨਿਕ ਦਾ ਆਯੋਜਨ ਕੀਤਾ ਹੈ। ਇਸ ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਐਸੋਸੀਏਸ਼ਨ ਦੇ ਮੈਦਾਨਾਂ ਵਿੱਚ ਮੌਜੂਦ 12 ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਛੋਟੇ ਕੱਦ ਵਾਲੇ ਥੈਰਾਪੀ ਘੋੜੇ ਵੀ ਇਸ ਸਮਾਗਮ ਦਾ ਮੁੱਖ ਆਕਰਸ਼ਣ ਹੋਣਗੇ। ਹਾਜ਼ਰ ਲੋਕਾਂ ਨੂੰ ਇਨ੍ਹਾਂ ਘੋੜਿਆਂ ਨੂੰ ਨੇੜੇ ਤੋਂ ਵੇਖਣ, ਉਨ੍ਹਾਂ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਪਰਿਵਾਰ ਸਮੇਤ ਖੁੱਲ੍ਹੇ ਮਾਹੌਲ ਵਿੱਚ ਪਿਕਨਿਕ ਦਾ ਆਨੰਦ ਲੈਣ ਦਾ ਮੌਕਾ ਮਿਲੇਗਾ। ਐਸੋਸੀਏਸ਼ਨ ਵੱਲੋਂ ਕਿਹਾ ਗਿਆ ਹੈ ਕਿ ਇਸ ਪਿਕਨਿਕ ਦਾ ਮਕਸਦ ਭਾਈਚਾਰੇ ਨੂੰ ਥੈਰਾਪੀ ਘੋੜਿਆਂ ਦੀ ਭੂਮਿਕਾ ਨਾਲ ਜਾਣੂ ਕਰਵਾਉਣਾ ਅਤੇ ਪਰਿਵਾਰਾਂ ਲਈ ਇੱਕ ਯਾਦਗਾਰ ਦਿਨ ਮੁਹੱਈਆ ਕਰਵਾਉਣਾ ਹੈ।



ਥੈਰਾਪੀ ਘੋੜੇ ਨਾਲ ਔਰਤ ਦੀ ਇੱਕ ਤਸਵੀਰ ।

# ਬੋਸਟਨ ਬਾਰ ਨੇੜੇ ਜੰਗਲੀ ਅੱਗ ਨੇ ਧਾਰਿਆ ਭਿਆਨਕ ਰੂਪ

## ਫਸਟ ਨੇਸ਼ਨ ਭਾਈਚਾਰੇ ਲਈ ਤੁਰੰਤ ਨਿਕਾਸੀ ਦੇ ਹੁਕਮ ਜਾਰੀ

**ਵੈਨਕੂਵਰ, 5 ਜੁਲਾਈ (ਮਲਕੀਤ ਸਿੰਘ) –** ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਬੋਸਟਨ ਬਾਰ ਨੇੜਲੇ ਇਲਾਕੇ ਵਿੱਚ ਲੱਗੀ ਜੰਗਲੀ ਅੱਗ ਦੇ ਤੇਜ਼ੀ ਨਾਲ ਫੈਲਣ ਕਾਰਨ ਉੱਥੇ ਵੱਸਦੇ ਫਸਟ ਨੇਸ਼ਨ ਭਾਈਚਾਰੇ ਲਈ ਤੁਰੰਤ ਨਿਕਾਸੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਬਿਨਾਂ ਦੇਰੀ ਸੁਰੱਖਿਅਤ ਥਾਵਾਂ ਵੱਲ ਜਾਣ ਦੀ ਅਪੀਲ ਕੀਤੀ ਹੈ।



**ਬੋਸਟਨ ਬਾਰ ਜੰਗਲੀ ਇਲਾਕੇ ਵਿੱਚ ਲੱਗੀ ਭਿਆਨਕ ਅੱਗ ਕਾਰਨ ਨਿਕਲਦੇ ਧੂਏਂ ਦੀ ਹਵਾਈ ਜਹਾਜ ਤੋਂ ਲਈ ਗਈ ਇੱਕ ਤਸਵੀਰ**

ਜਾਣਕਾਰੀ ਅਨੁਸਾਰ ਤੇਜ਼ ਹਵਾਵਾਂ ਅਤੇ ਗਰਮ ਮੌਸਮ ਕਾਰਨ ਅੱਗ ਲਗਾਤਾਰ ਫੈਲ ਰਹੀ ਹੈ। ਅੱਗ ਬੁਝਾਊ ਅਮਲੇ ਵੱਲੋਂ ਹੈਲੀਕਾਪਟਰਾਂ ਅਤੇ ਹਵਾਈ ਜਹਾਜ਼ਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਉਣ ਲਈ ਜੰਗੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਅਧਿਕਾਰੀਆਂ ਨੇ ਪ੍ਰਭਾਵਿਤ ਇਲਾਕੇ ਦੇ ਵਸਨੀਕਾਂ ਨੂੰ ਨਿਕਾਸੀ ਦੇ ਹੁਕਮਾਂ ਦੀ ਪਾਲਣਾ ਕਰਨ ਅਤੇ ਸਥਿਤੀ ਬਾਰੇ ਤਾਜ਼ਾ ਜਾਣਕਾਰੀ ਲਈ ਸਰਕਾਰੀ ਸੂਚਨਾਵਾਂ 'ਤੇ ਨਜ਼ਰ ਰੱਖਣ ਦੀ ਅਪੀਲ ਕੀਤੀ ਹੈ। ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ, ਹਾਲਾਂਕਿ ਅੱਗ ਦੀ ਸਥਿਤੀ ਨੂੰ ਗੰਭੀਰ ਮੰਨਿਆ ਜਾ ਰਿਹਾ ਹੈ।

# ਬਚਪਨ ਦਾ ਉਹ "ਢਿਆਉਂ" ਦਾ ਦਰੱਖਤ

ਬਚਪਨ ਦੀਆਂ ਕੁੱਝ ਯਾਦਾਂ ਅਜਿਹੀਆਂ ਹੁੰਦੀਆਂ ਹਨ ਜੋ ਸਮੇਂ ਦੇ ਨਾਲ ਕਦੇ ਮਿਟਦੀਆਂ ਨਹੀਂ, ਸਗੋਂ ਦਿਲ ਦੇ ਹੋਰ ਵੀ ਨੇੜੇ ਆ ਜਾਂਦੀਆਂ ਹਨ। ਮੇਰੇ ਲਈ ਉਹ "ਢਿਆਉਂ ਦਾ ਦਰੱਖਤ" ਵੀ ਐਸੀ ਹੀ ਇੱਕ ਯਾਦ ਹੈ। ਗਰਮੀਆਂ ਦੇ ਦਿਨ, ਸਕੂਲ ਸਾਈਕਲ ਤੇ ਜਾਣਾ, ਤੇ ਵਾਪਸੀ ਵੇਲੇ ਇੰਨੀ ਥਕਾਵਟ ਹੋਣੀ ਕਿ ਮਸਾਂ ਹੀ ਘਰ ਪਹੁੰਚਦੇ ਸੀ। ਪਰ ਉਸ ਸਮੇਂ ਆਰਾਮ ਕਰਨ ਦੀ ਸਮਝ ਹੀ ਨਹੀਂ ਸੀ। ਘਰ ਪਹੁੰਚ ਕੇ ਪਾਣੀ ਪੀਣਾ, ਕੁੱਝ ਖਾ ਲੈਣਾ ਅਤੇ ਫਿਰ ਸਿੱਧਾ ਬਾਹਰ ਖੇਡਣ ਨਿਕਲ ਜਾਣਾ, ਇਹੀ ਰੋਜ਼ ਦੀ ਰੂਟੀਨ ਸੀ। ਸਾਡੇ ਘਰ ਦੇ ਨੇੜੇ ਇੱਕ ਵੱਡਾ "ਢਿਆਉਂ ਦਾ ਦਰੱਖਤ" ਸੀ, ਜਿਸ ਦੇ ਫਲਾਂ ਦਾ ਅਚਾਰ ਉਹਨਾਂ ਦਿਨਾਂ ਵਿੱਚ ਪੰਜਾਬ ਵਿੱਚ ਬਹੁਤ ਖਾਧਾ ਜਾਂਦਾ ਸੀ। ਪਤਾ ਨਹੀਂ ਕਿਉਂ, ਪਰ ਮੈਨੂੰ ਉਸ ਦਰੱਖਤ ਨਾਲ ਬਹੁਤ ਪਿਆਰ ਹੋ ਗਿਆ ਸੀ। ਸਕੂਲ ਤੋਂ ਆਉਂਦੇ ਹੀ ਮੈਂ ਅਕਸਰ ਉਸ ਦਰੱਖਤ ਉੱਤੇ ਜਾ ਕੇ ਬੈਠ ਜਾਂਦਾ ਸੀ। ਉਸ ਦੀਆਂ ਨੀਵੀਆਂ ਟਾਹਣੀਆਂ ਤੇ ਬੈਠ ਕੇ ਜਾਂ ਉਸ ਨਾਲ ਬੰਨ੍ਹੀ ਪੀਂਘ ਝੂਟਦਿਆਂ ਮੈਨੂੰ ਅਜਿਹਾ ਸਕੂਨ ਮਿਲਦਾ ਸੀ, ਜੋ ਸ਼ਾਇਦ ਕਿਤੇ ਹੋਰ ਨਹੀਂ ਮਿਲਦਾ ਸੀ।

ਉਹ ਦਰੱਖਤ ਮੇਰੇ ਲਈ ਸਿਰਫ਼ ਦਰੱਖਤ ਨਹੀਂ ਸੀ। ਜਦੋਂ ਮੈਂ ਘਰ ਦੇ ਕਿਸੇ ਮੈਂਬਰ ਨਾਲ ਨਾਰਾਜ਼ ਹੋ ਜਾਂਦਾ, ਤਾਂ ਵੀ ਮੈਂ ਚੁੱਪਚਾਪ ਉਸ ਦਰੱਖਤ ਕੋਲ ਜਾ ਬੈਠਦਾ ਸੀ। ਲੱਗਦਾ ਸੀ ਜਿਵੇਂ ਉਹ ਦਰੱਖਤ ਮੇਰੀ ਹਰ ਗੱਲ ਬਿਨਾਂ ਕਹੇ ਸਮਝ ਲੈਂਦਾ ਹੋਵੇ। ਮੈਂ ਬਹੁਤ ਉੱਚੀਆਂ ਟਾਹਣੀਆਂ ਤੇ ਨਹੀਂ ਚੜ੍ਹਦਾ ਸੀ, ਬਸ ਨੀਵੀਆਂ ਟਾਹਣੀਆਂ ਤੇ ਬੈਠ ਕੇ ਹੀ ਖੁਸ਼ ਰਹਿ ਲੈਂਦਾ ਸੀ।ਫਿਰ ਇੱਕ ਰਾਤ ਬਹੁਤ ਤੇਜ਼ ਤੂਫ਼ਾਨ ਆਇਆ। ਸਵੇਰੇ ਉੱਠ ਕੇ ਵੇਖਿਆ ਤਾਂ ਉਹ ਦਰੱਖਤ ਜੜ੍ਹਾਂ ਸਮੇਤ ਉਖੜਿਆ ਪਿਆ ਸੀ। ਸਾਰੇ ਘਰ ਵਾਲੇ ਸ਼ਾਇਦ ਇਹ ਸੋਚ ਰਹੇ ਸਨ ਕਿ ਹੁਣ ਇਸਨੂੰ ਕੱਟ ਕੇ ਪਾਸੇ ਕਰ ਦਿੱਤਾ ਜਾਵੇ, ਪਰ ਮੇਰੇ ਦਿਲ ਵਿੱਚ ਇੱਕ ਅਜਿਹਾ ਦਰਦ ਸੀ ਜੋ ਮੈਂ ਕਿਸੇ ਨੂੰ ਦੱਸ ਨਹੀਂ ਸਕਿਆ। ਮੇਰੇ ਮਨ ਵਿੱਚ ਬਾਰ-ਬਾਰ ਇਹੀ ਸਵਾਲ ਆ ਰਿਹਾ ਸੀ ਕਿ ਹੁਣ ਮੈਂ ਕਿੱਥੇ ਬੈਠਾਂਗਾ, ਕਿੱਥੇ ਪੀਂਘ ਝੂਟਾਂਗਾ।

ਬਚਪਨ ਵਿੱਚ ਅਕਸਰ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਦੀ ਅਹਿਮੀਅਤ ਉਸ ਵੇਲੇ ਸਮਝ ਨਹੀਂ ਆਉਂਦੀ। ਪਰ ਜਦੋਂ ਅਸੀਂ ਵੱਡੇ ਹੋ ਜਾਂਦੇ ਹਾਂ, ਤਦ ਸਮਝ ਪੈਂਦੀ ਹੈ ਕਿ ਉਹ ਛੋਟੀਆਂ-ਛੋਟੀਆਂ ਚੀਜ਼ਾਂ ਸਾਡੇ ਜੀਵਨ ਵਿੱਚ ਕਿੰਨੀ ਵੱਡੀ ਜਗ੍ਹਾ ਰੱਖਦੀਆਂ ਸਨ। ਉਹ ਦਰੱਖਤ ਮੇਰੇ ਬਚਪਨ ਦੀ ਖੁਸ਼ੀ, ਮਾਸੂਮੀਅਤ ਅਤੇ ਸਕੂਨ ਦੀ ਨਿਸ਼ਾਨੀ ਸੀ ਜੋ ਅੱਜ ਵੀ ਯਾਦਾਂ ਵਿੱਚ ਜਿੰਦਾ ਹੈ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**ਮੋਬਾ 8427791277**

# ਵੋਹ ਸਾਤ ਦਿਨ

ਆਪਣੀ ਜਿੰਦਗੀ ਦੇ ਇਹਨਾਂ ਛਿਆਹਟਰ ਸਾਲਾਂ ਵਿੱਚ ਮੈਂ ਆਪਣੇ ਦੇਸ਼ ਚੋਂ ਸਿਰਫ਼ 77 ਦਿਨ ਬਾਹਰ ਰਿਹਾ ਹਾਂ। ਅਸੀਂ 12 ਮਾਰਚ ਨੂੰ ਐਡੀਲੇਡ ਪਹੁੰਚੇ ਸੀ ਤੇ ਮਈ ਐਂਡ 'ਚ ਭਾਰਤ ਪਰਤੇ। ਜਿੰਦਗੀ ਦਾ ਨਵਾਂ ਤਜ਼ਰਬਾ ਸੀ। ਇਹਨਾਂ ਦਿਨਾਂ ਵਿੱਚ ਮੈਂ ਬਹੁਤ ਕੁਝ ਨਵਾਂ ਵੇਖਿਆ, ਸਿਖਿਆ ਤੇ ਮਹਿਸੂਸ ਕੀਤਾ। ਜਦੋਂ ਮੈਂ ਪਾਸ-ਪੋਰਟ ਬਣਵਾਇਆ, ਵੀਜ਼ਾ ਲਗਵਾਇਆ, ਟਿਕਟ ਖਰੀਦੀ ਪਰ ਮੈਨੂੰ ਨਹੀਂ ਸੀ ਲੱਗਦਾ ਕਿ ਮੈਂ ਵੀ ਕਦੇ ਆਸਟਰੇਲੀਆ ਪਹੁੰਚ ਜਾਵਾਂਗਾ। ਉਂਜ ਅਸੀਂ ਨਿੱਤ ਨਵੇਂ-ਨਵੇਂ ਸੁਪਨੇ ਲੈਂਦੇ ਰਹਿੰਦੇ ਹਾਂ। ਸਾਨੂੰ ਅਣਹੋਣੇ ਸੁਪਨੇ ਆਉਂਦੇ ਹਨ। ਪਰ ਆਸਟ੍ਰੇਲੀਆ ਜਾਣ ਦਾ ਮੈਂ ਕਦੇ ਸੁਪਨਾ ਵੀ ਨਹੀਂ ਸੀ ਲਿਆ। ਬੱਸ ਇਹ ਵਿਦੇਸ਼ ਗਏ ਬੇਟੇ, ਬੇਟੀ ਅਤੇ ਪੋਤੀ ਦਾ ਪਿਆਰ ਹੀ ਸੀ ਜਿਸ ਨੇ ਇਸ ਨੂੰ ਸੰਭਵ ਕਰ ਦਿਖਾਇਆ। ਸਕਿਓਰਿਟੀ ਚੈੱਕ, ਬੋਰਡਿੰਗ ਪਾਸ, ਇਮੀਗ੍ਰੇਸ਼ਨ ਵਰਗੇ ਸ਼ਬਦ ਸੁਣੇ ਤਾਂ ਹੋਣਗੇ ਪਰ ਇਹਨਾਂ ਵਿੱਚੋਂ ਗੁਜ਼ਰਦੇ ਹੋਏ ਅਸੀਂ ਜਹਾਜ਼ ਨੂੰ ਪਹਿਲੀ ਵਾਰੀ ਅੰਦਰੋਂ ਵੇਖਿਆ ਤੇ ਫਿਰ ਸਾਡਾ ਜਹਾਜ਼ ਰੇਂਗਦਾ-ਰੇਂਗਦਾ ਅਸਮਾਨ 'ਚ ਚੜ੍ਹ ਗਿਆ। ਫਿਰ ਬਚਪਨ 'ਚ ਲਏ ਅਸਮਾਨ 'ਚ ਉੱਡਣ ਦੇ ਸੁਪਨੇ ਸਾਕਾਰ ਹੁੰਦੇ ਨਜ਼ਰ ਆਏ। ਯਾਤਰੀਆਂ ਦਾ ਹੱਸ ਕੇ ਸਵਾਗਤ ਕਰਦੀਆਂ ਏਅਰਹੋਸਟੈਸਾਂ ਅਤੇ ਖਾਣੇ ਦੀ ਟਰਾਲੀ ਲੈ ਕੇ ਮੀਲਜ਼, ਡ੍ਰਿੰਕਸ ਸਰਵ ਕਰਦੀਆਂ ਪਹਿਲੀ ਵਾਰੀ ਵੇਖੀਆਂ।

ਸ੍ਰੀ ਅੰਮ੍ਰਿਤਸਰ ਸਾਹਿਬ ਹਵਾਈ ਅੱਡੇ ਤੋਂ ਮਲੇਸ਼ੀਆ ਦੇ ਕੁਆਲਾਲੰਪੁਰ ਹਵਾਈ ਅੱਡੇ ਦਾ ਸਟੇਅ ਤੇ ਫਿਰ ਐਡੀਲੇਡ ਤੱਕ ਦਾ ਸਫ਼ਰ ਜਿੰਦਗੀ ਦਾ ਪਹਿਲਾ ਹਵਾਈ ਸਫ਼ਰ ਹੋ ਨਿਬੜਿਆ।



ਐਡੀਲੇਡ ਜਿਹੀ ਵਿਦੇਸ਼ੀ ਧਰਤੀ 'ਤੇ ਕਦਮ ਰੱਖਦੇ ਹੀ ਪੋਤੀ ਦੀ ਪਿਆਰੀ ਜਿਹੀ ਮਿਲਣੀ ਨੇ ਪੌਣੇ ਚਾਰ ਸਾਲਾਂ ਤੋਂ ਤੜਫਦੀ ਰੂਹ ਨੂੰ ਅਥਾਹ ਸਕੂਨ ਦਿੱਤਾ। ਬੇਟੇ ਤੇ ਬੇਟੀ ਨੇ ਸਵਾਗਤ ਕੀਤਾ ਪ੍ਰੰਤੂ ਅਸੀਂ ਤਾਂ ਉਹਨਾਂ ਨੂੰ ਵੇਖ ਕੇ ਹੀ ਤ੍ਰਿਪਤ ਹੋ ਗਏ। ਚਾਹੇ ਇਹੋ ਜਿਹੇ ਮੌਕੇ 'ਤੇ ਅਮੂਮਨ ਹੰਝੂ ਨਿਕਲ ਆਉਂਦੇ ਹਨ ਪਰ ਖੁਸ਼ੀ ਨੇ ਵਿਰਾਗ ਬਾਰੇ ਸੋਚਣ ਹੀ ਨਹੀਂ ਦਿੱਤਾ। ਅੱਖਾਂ ਸਨ ਕਿ ਉਹਨਾਂ ਨੂੰ ਟਿਕ-ਟਿਕੀ ਲਗਾ ਕੇ ਵੇਖ ਰਹੀਆਂ ਸਨ। ਸਾਡੀ ਨਿਗ੍ਹਾ ਹੋਰ ਕੁਝ ਨਹੀਂ ਸੀ ਵੇਖ ਰਹੀ।

ਸਾਢੇ ਤਿੰਨ ਸਾਲ ਦੀ ਗਈ ਪੋਤੀ ਸੁਖਮਨੀ ਹੁਣ ਸੁੱਖਣਾ ਸੱਤ ਸਾਲਾਂ ਦੀ ਹੋਣ ਜਾ ਰਹੀ ਸੀ। ਕੋਈ ਸਤਾਰਾਂ ਕੁ ਦਿਨਾਂ ਬਾਅਦ ਉਸਦਾ ਜਨਮਦਿਨ ਸੀ। ਜਨਮ ਦਿਨ ਮਨਾਉਣ ਹੀ ਤਾਂ ਅਸੀਂ ਆਏ ਸੀ। ਨਹੀਂ ਤਾਂ 65-66 ਸਾਲਾਂ ਦੇ ਬਿਮਾਰ ਸਰੀਰ ਇੰਨੇ ਲੰਮੇ ਸਫ਼ਰ ਦਾ ਹੌਸਲਾ ਕਿਵੇਂ ਕਰ ਸਕਦੇ ਹਨ। ਇਹ ਸਾਡੀ ਹੀ ਗੱਲ ਨਹੀਂ ਹਰ ਇਨਸਾਨ ਦੀ ਗੱਲ ਹੈ। ਕਿਸੇ ਜੋਸ਼ ਪਿੱਛੇ ਕੋਈ ਚਾਅ ਛਿਪਿਆ ਹੁੰਦਾ ਹੈ। ਹਿੰਮਤ ਪਿੱਛੇ ਵੀ ਕਿਸੇ ਦੀ ਹੱਲਾਸ਼ੇਰੀ ਕੰਮ ਕਰਦੀ ਹੈ।

ਦਾਦੀ-ਪੋਤੀ ਦਾ ਤਾਂ ਰਿਸ਼ਤਾ ਹੀ ਪਰਮਾਤਮਾ ਨੇ ਪਤਾ ਨਹੀਂ ਕਿਸ ਤਰ੍ਹਾਂ ਦਾ ਬਣਾਇਆ ਹੈ। ਨਾਲੇ ਸੁਖਮਨੀ ਤੇ ਸਰੋਜ ਦੀ ਤਾਂ ਰਾਸ਼ੀ ਵੀ ਇੱਕ ਹੈ। ਕਈ ਵਾਰੀ ਇਹ ਰਿਸ਼ਤਾ ਮਾਵਾਂ-ਧੀਆਂ ਦੇ ਰਿਸ਼ਤੇ ਦੀ ਬਰਾਬਰੀ ਕਰਦਾ ਨਜ਼ਰ ਆਉਂਦਾ ਹੈ। ਬਠਿੰਡਾ 'ਚ ਬਣਿਆ ਦਾਦੀ-ਪੋਤੀ ਪਾਰਕ ਇਸ ਦਾ ਗਵਾਹ ਹੈ।

**ਰਮੇਸ਼ ਸੇਠੀ ਬਾਦਲ**
**9876627233**

# ਜ਼ਿੰਮੇਵਾਰ ਕੌਣ

ਕਿਸੇ ਨੇ ਪੁੱਛਿਆ, "ਬੇਬੇ! ਆ ਜਿਹੜਾ ਵਿਹੜੇ ਵਿੱਚ ਬਲੇਦਾ ਬੰਨ੍ਹਿਆ ਹੋਇਆ, ਮਾਰਦਾ ਤਾਂ ਨੀ? ਅੱਗੋਂ ਬੇਬੇ ਔਖੀ ਜਿਹੀ ਹੋ ਕੇ ਕਹਿੰਦੀ, "ਇਸੇ ਧਗੜੇ ਦੀ ਕਰੀ ਤਾਂ ਰੰਡੀ ਹੋਈ ਬੈਠੀ ਹਾਂ" ਕੱਲ ਇੱਕ ਹੰਗਾਮਾ ਹੋਇਆ ਜਦੋਂ ਗੁਰਦੁਆਰਾ ਸਾਹਬ ਦੇ ਬਾਹਰ ਖੜੇ ਸੇਵਾਦਾਰਾਂ ਵੱਲੋਂ ਗਲੇ ਵਿੱਚ ਪੰਜਾਬ ਸਰਕਾਰ ਦੇ (ਭਗਵੰਤ ਮਾਨ ਦੀ ਫੋਟੋ ਵਾਲੇ) ਪਛਾਣ ਪੱਤਰ ਪਾਈ ਸ਼ਰਧਾਲੂਆਂ ਨੂੰ ਦਰਬਾਰ ਸਾਹਬ ਅੰਦਰ ਮੱਥਾ ਟੇਕਣ ਜਾਣ ਤੋ ਰੋਕਿਆ ਗਿਆ। ਉਸੇ ਦੇ ਸੰਦਰਭ ਵਿੱਚ ਕੁਝ ਵਿਚਾਰ ਵਿਅਕਤ ਕਰਨ ਜਾ ਰਿਹਾ ਹਾਂ।

ਅਕਾਲ ਤਖਤ ਸਿੱਖਾਂ ਦਾ ਸਰਵਉੱਚ ਸਥਾਨ ਹੈ ਤੇ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਹੈ। ਜਿਸਨੂੰ ਸਿੱਖਾਂ ਦੀ ਸੰਸਦ ਵੀ ਕਿਹਾ ਜਾਂਦਾ ਹੈ। ਇਸ ਦੀ ਸਥਾਪਨਾ ਅਕਾਲ ਤਖ਼ਤ ਤੇ ਦਰਬਾਰ ਸਾਹਬ ਸਮੇਤ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਤੋਂ ਇਲਾਵਾ ਕੀਰਤਨ, ਗੁਰਬਾਣੀ ਪ੍ਰਕਾਸ਼ਨ, ਧਰਮ ਪ੍ਰਚਾਰ, ਗੁਰਮਤਿ ਸਕੂਲ ਅਤੇ ਕਾਲਜਾਂ ਦੀ ਸਥਾਪਨਾ ਕਰਨਾ, ਸਿੱਖ ਮਸਲਿਆਂ 'ਤੇ ਬਿਆਨ ਦੇਣਾ, ਸਰਕਾਰ ਨਾਲ ਗੱਲਬਾਤ ਕਰਨੀ ਅਤੇ ਸਿੱਖ ਵਿਰਸੇ ਦੀ ਰਾਖੀ ਕਰਨੇ ਜਿਹੇ ਮਹੱਤਵਪੂਰਨ ਕੰਮਾਂ ਨੂੰ ਮੁੱਖ ਰੱਖ ਕੇ ਹੋਈ ਸੀ। ਅੱਜ ਦੀ ਤਰੀਕ ਵਿੱਚ ਲਗਭਗ 1000 ਕਰੋੜ ਦੇ ਨੇੜੇ-ਤੇੜੇ ਇਸ ਦਾ ਬਜਟ ਬੈਠਦਾ ਹੈ ਜੋ ਕਿ ਬਹੁਤ ਵੱਡਾ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਅੱਜ-ਤੱਕ ਇਹ ਕਮੇਟੀ ਨਾਂ ਤਾਂ ਕੋਈ ਆਪਣੀ ਯੂਨੀਵਰਸਿਟੀ ਸਥਾਪਤ ਕਰ ਸਕੀ ਹੈ ਤੇ ਨਾ ਹੀ ਕੋਈ ਵੱਡਾ ਹਸਪਤਾਲ ਬਣਾ ਸਕੀ ਹੈ। ਹਾਂ ਗੁਰਦੁਆਰਿਆਂ ਅਤੇ ਲੰਗਰ ਹਾਲਾਂ ਦੀ ਗਿਣਤੀ ਵਿੱਚ ਜ਼ਰੂਰ ਵਾਧਾ ਹੋਇਆ ਹੈ ਤੇ ਉਨ੍ਹਾਂ ਨਾਲ ਛੋਟੀਆਂ ਮੋਟੀਆਂ ਡਿਸਪੈਂਸਰੀਆਂ ਵੀ ਖੋਲ੍ਹੀਆਂ ਗਈਆਂ ਨੇ। ਸਕੂਲ ਕਾਲਜ ਜ਼ਰੂਰ ਖੋਲ੍ਹੇ ਨੇ ਪਰ ਉਨ੍ਹਾਂ ਵਿੱਚ ਦਿੱਤੀ ਜਾ ਰਹੀ ਸਿੱਖਿਆ ਦਾ ਮਿਆਰ ਕੋਈ ਬਹੁਤ ਜ਼ਿਆਦਾ ਵੱਡੇ ਪੱਧਰ ਦਾ ਨਹੀਂ ਹੈ।

ਜਦ ਕਿ ਪੰਜਾਬ ਵਿੱਚ ਹੀ ਮੌਜੂਦ ਹੋਰ ਡੇਰਿਆਂ ਤੇ ਧਾਰਮਿਕ ਸੰਸਥਾਵਾਂ ਨੇ ਵਿਸ਼ਵ ਪੱਧਰੀ ਕਾਲਜਾਂ ਤੋਂ ਇਲਾਵਾ ਕਈ ਵੱਡੇ ਹਸਪਤਾਲ ਤੱਕ ਖੋਲ੍ਹ ਲਏ ਨੇ ਪਰ ਸ਼੍ਰੋਮਣੀ ਕਮੇਟੀ ਹਾਲੇ ਤਾਈਂ ਆਪਣੇ ਮੁਢਲੇ ਦਾਇਰੇ ਤੋਂ ਬਾਹਰ ਨਹੀਂ ਨਿਕਲ ਪਾਈ।

ਜ਼ਰਾ ਇਸ ਸੂਚੀ ਤੇ ਨਜ਼ਰ ਮਾਰੋ-

ਰਾਧਾ ਸੁਆਮੀ ਸਤਿਸੰਗ ਬਿਆਸ ਦੇ ਹਸਪਤਾਲ/ਸੰਸਥਾਵਾਂ:

1. ਆਰ ਐੱਸ ਸਰਦਾਰ ਹਸਪਤਾਲ, ਬਿਆਸ - 500+ ਬੈੱਡ ਦਾ ਮਲਟੀ-ਸਪੈਸ਼ਲਿਟੀ ਹਸਪਤਾਲ। ਪੂਰੀ ਤਰ੍ਹਾਂ ਮੁਫਤ ਸੇਵਾ।
2. ਡੀ ਐੱਮ ਸੀ ਐੱਚ - ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ - ਰਾਧਾ ਸੁਆਮੀ ਨਾਲ ਜੁੜੇ ਟਰੱਸਟੀਆਂ ਦਾ ਵੱਡਾ ਯੋਗਦਾਨ ਹੈ। ਪੰਜਾਬ ਦਾ ਟਾਪ ਮੈਡੀਕਲ ਕਾਲਜ + ਹਸਪਤਾਲ।
3. ਸਰਬੱਤ ਦਾ ਭਲਾ ਚੈਰੀਟੇਬਲ ਹਸਪਤਾਲ - ਬਿਆਸ ਅਤੇ ਹੋਰ ਥਾਵਾਂ 'ਤੇ ਕਲੀਨਿਕ।

ਨਾਮਧਾਰੀ ਸੰਗਤ ਦੇ ਹਸਪਤਾਲ/ਸੰਸਥਾਵਾਂ:

1. ਨਾਮਧਾਰੀ ਹਸਪਤਾਲ, ਸ੍ਰੀ ਭੈਣੀ ਸਾਹਿਬ - 100 ਬੈੱਡ ਤੋਂ ਵੱਧ। ਆਪਣਾ ਮੈਡੀਕਲ ਸਟਾਫ।
2. ਗੁਰੂ ਗੋਬਿੰਦ ਸਿੰਘ ਨਾਮਧਾਰੀ ਯੂਨੀਵਰਸਿਟੀ ਨਾਲ ਲੱਗਦਾ ਹੈਲਥ ਸੈਂਟਰ, ਭੈਣੀ ਸਾਹਿਬ
3. ਨਾਮਧਾਰੀ ਚੈਰੀਟੇਬਲ ਹਸਪਤਾਲ - ਦਿੱਲੀ, ਮੁੰਬਈ ਸਮੇਤ ਕਈ ਸ਼ਹਿਰਾਂ 'ਚ।

ਹੋਰ ਵੱਡੀਆਂ ਧਾਰਮਿਕ/ਪ੍ਰਾਈਵੇਟ ਸੰਸਥਾਵਾਂ:

1. ਅਪੋਲੋ ਹਸਪਤਾਲ , ਲੁਧਿਆਣਾ - ਪ੍ਰਾਈਵੇਟ, ਪਰ ਸ਼ੁਰੂਆਤ 'ਚ ਨਾਮਧਾਰੀ ਸਮਾਜ ਦਾ ਸਹਿਯੋਗ ਸੀ।
2. ਡੇਰਾ ਸੱਚਾ ਸੌਦਾ ਦਾ ਸ਼ਾਹ ਸਤਨਾਮ ਜੀ ਸਪੈਸ਼ਲਿਟੀ ਹਸਪਤਾਲ, ਸਿਰਸਾ - 500 ਬੈੱਡ, ਆਪਣਾ ਮੈਡੀਕਲ ਕਾਲਜ ਵੀ।3. ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਹਸਪਤਾਲ - ਦਿੱਲੀ ਸਮੇਤ ਕਈ ਥਾਵਾਂ 'ਤੇ।

ਤੁਲਨਾ ਵਿੱਚ ਐੱਸ ਜੀ ਪੀ ਸੀ:
ਬਜਟ: 1000 ਕਰੋੜ ਸਾਲਾਨਾ
ਹਸਪਤਾਲ: 0 ਮਲਟੀ-ਸਪੈਸ਼ਲਿਟੀ
ਮੈਡੀਕਲ ਕਾਲਜ: 0
ਪ੍ਰਾਪਤੀ: ਸਿਰਫ ਗੁਰਦੁਆਰਿਆਂ ਨਾਲ ਲੱਗੀਆਂ ਛੋਟੀਆਂ ਡਿਸਪੈਂਸਰੀਆਂ

ਇਹ ਸੂਚੀ ਸਿਰਫ ਕੁਝ ਇੱਕ ਉਹਨਾ ਧਰਮ ਵਾਲਿਆਂ ਦੀ ਹੈ ਜੋ ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪ੍ਰਫੁੱਲਤ ਹੋਏ ਨੇ। ਸੁਣਨ ਨੂੰ ਕੌੜਾ ਲੱਗੇਗਾ, ਸਮੇਂ ਸਮੇਂ ਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਕਰਨ ਵਾਲੇ ਜਾਂ ਕਈ ਹੋਰ ਅਹੁਦੇਦਾਰ ਤਾਂ ਵੱਡੇ-ਵੱਡੇ ਕਾਰੋਬਾਰੀ ਤੇ ਹੋਟਲਾਂ ਦੇ ਮਾਲਕ ਤੱਕ ਬਣ ਗਏ ਪਰ ਆਮ ਸਿੱਖਾਂ ਨੂੰ ਕੋਈ ਬਹੁਤਾ ਫਾਇਦਾ ਜਾਂ ਲਾਭ ਨੀ ਹੋਇਆ। ਆਖਰ ਨੂੰ ਸਵਾਲ ਤਾਂ ਬਣਦਾ ਹੈ ਕਿ ਇਸ ਸਭ ਲਈ ਜ਼ਿੰਮੇਵਾਰ ਕੌਣ ਹੈ?

ਤਾਜਾ ਰੌਲੇ ਦੀ ਗੱਲ ਕਰੀਏ, ਲਿਜਾਉਣ ਨੂੰ ਤਾਂ ਸ਼੍ਰੋਮਣੀ ਕਮੇਟੀ ਆਪਣੀਆਂ ਬੱਸਾਂ ਜਾਂ ਹੋਰ ਸਾਧਨ ਲਗਾ ਕੇ ਵੀ ਲੋਕਾਂ ਨੂੰ ਗੁਰਦੁਆਰਿਆਂ ਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਲਿਜਾ ਸਕਦੀ ਸੀ ਪਰ ਹੋ ਸਕਦਾ ਉਨ੍ਹਾਂ ਦੇ ਬਜਟ ਤੇ ਦਾਇਰੇ ਵਿੱਚ ਫਿੱਟ ਨਾ ਆਉਂਦਾ ਹੋਵੇ ਜਾਂ ਫਿਰ ਐਨਾ ਜ਼ਰੂਰੀ ਨਾ ਹੋਵੇ ਤੇ ਹੁਣ ਜਦੋਂ ਉਨ੍ਹਾਂ ਦਾ ਇਹ ਕੰਮ ਪੰਜਾਬ ਸਰਕਾਰ ਆਪਣੇ ਖ਼ਰਚੇ ਤੇ ਕਰ ਰਹੀ ਹੈ ਤਾਂ ਬੇਵਜ੍ਹਾ ਤੇ ਬੇਲੋੜਾ ਹੋ ਹੱਲਾ ਕਿਉਂ? ਜੇ ਭਲਾ ਸਰਕਾਰ ਆਪਣੀ ਤੀਰਥ ਯਾਤਰਾ ਮੁਹਿੰਮ ਦੇ ਤਹਿਤ ਲੋਕਾਂ ਨੂੰ ਸਿੱਖਾਂ ਦੇ ਗੁਰਦੁਆਰਿਆਂ ਜਾਂ ਧਾਰਮਿਕ ਅਸਥਾਨਾਂ ਤੇ ਲਜਾਉਣ ਦੀ ਬਜਾਏ ਹੋਰ ਡੇਰਿਆਂ ਜਾਂ ਫਿਰ ਸਰਸੇ ਵਾਲੇ ਦੇ ਲਜਾਉਣਾ ਸ਼ੁਰੂ ਕਰ ਦਿੰਦੀ ਤਾਂ ਚੰਗੇ ਰਹਿੰਦੇ? ਫਿਰ ਊਂ ਰੌਲਾ ਪਾਉਣਾ ਸੀ ਕਿ ਸਾਡੇ ਲੋਕਾਂ ਦਾ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ।

ਪੰਦਰਾਂ ਸਾਲ ਬਾਦਲਾਂ ਦਾ (ਜਿਸਨੂੰ ਪੰਥ ਸਮਝਦੇ/ਕਹਿੰਦੇ ਹੋ) ਰਾਜ ਰਿਹਾ। ਕਦੀ ਪੜਚੋਲ ਕਰ ਕੇ ਦੇਖਿਓ ਕਿ ਇਸ ਸਮੇਂ ਦੌਰਾਨ ਉਸਨੇ ਸਿੱਖਾਂ ਲਈ ਕੀ ਕਰਿਆ ਤੇ ਬਾਕੀ ਡੇਰਿਆਂ ਜਾਂ ਧਾਰਮਿਕ ਅਸਥਾਨਾਂ ਲਈ ਕੀ ਕਰਿਆ? ਸਾਰਾ ਚਿੱਠਾ ਖੁੱਲ੍ਹ ਕੇ ਸਾਹਮਣੇ ਆ ਜਾਵੇਗਾ। ਸਿਵਾਏ ਸਿੱਖ ਧਰਮ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਤੋਂ ਕੱਖ ਨੀ ਕਰਿਆ। ਆ ਜਿਹੜੇ ਡੇਰਿਆਂ ਖਿਲਾਫ ਰੌਲਾ ਪਾਉਂਦੇ ਹੋ ਨਾ ਇਹ ਸਭ ਇਹਨਾਂ ਬਾਦਲਾਂ ਦੀ ਹੀ ਦੇਣ ਹੈ।

ਮੁੱਕਦੀ ਗੱਲ ਅਖੇ "ਹੱਥ ਨਾ ਪੁੱਜੇ ਥੂ ਕੌੜੀ"। ਜੇਕਰ ਸ਼੍ਰੋਮਣੀ ਕਮੇਟੀ ਆਪਣੀ ਜ਼ੁੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੀ ਤਾਂ ਅੱਜ ਇਹ ਨੌਬਤ ਨਾ ਆਉਂਦੀ। ਸਿਆਣੇ ਕਹਿੰਦੇ ਆ ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਮੁੜ ਆਵੇ ਤਾਂ ਉਹਨੂੰ ਭੁੱਲਿਆ ਨੀ ਕਹਿੰਦ। ਹਾਲੇ ਵੀ ਦੇਰ ਨੀ ਹੋਈ। ਜੇ ਇੱਛਾ ਸ਼ਕਤੀ ਹੋਵੇ ਤਾਂ ਸਿਰਫ 5 ਸਾਲ ਵਿੱਚ ਸ਼੍ਰੋਮਣੀ ਕਮੇਟੀ ਦਾ ਆਪਣਾ ਮੈਡੀਕਲ ਕਾਲਜ ਅਤੇ ਯੂਨੀਵਰਸਿਟੀ ਬਣ ਸਕਦੀ ਹੈ। ਬੱਸ ਨੀਅਤ ਚਾਹੀਦੀ ਹੈ।



**ਗੁਰਜਿੰਦਰ ਸਿੰਘ ਸਾਹਦੜਾ**
**9815302341**

# ਹੁਨਰ ਹੀ ਹੱਲ ਹੈ - ਮਹਿੰਗਾਈ ਅਤੇ ਬੇਰੁਜ਼ਗਾਰੀ ਦਾ ਤੋੜ

ਅੱਜ ਦੇ ਸਮੇਂ ਵਿੱਚ ਜਿਉਣਾ ਬਹੁਤ ਮੁਸ਼ਕਲ ਹੋ ਗਿਆ ਹੈ। ਘਰ ਵਿੱਚ ਜਿੰਨੇ ਵੀ ਮੈਂਬਰ ਹਨ, ਜੇ ਸਾਰੇ ਮਿਲ ਕੇ ਕੰਮ ਨਾ ਕਰਨ ਤਾਂ ਘਰ ਦਾ ਗੁਜ਼ਾਰਾ ਚਲਾਉਣਾ ਬਹੁਤ ਔਖਾ ਹੋ ਗਿਆ ਹੈ। ਇਸਦੀ ਸਭ ਤੋਂ ਵੱਡੀ ਵਜ੍ਹਾ ਹੈ - ਮਹਿੰਗਾਈ।

ਅੱਜ ਮਹਿੰਗਾਈ ਆਸਮਾਨ ਨੂੰ ਛੂਹ ਰਹੀ ਹੈ। ਘਰ ਵਿੱਚ ਰੋਜ਼ਾਨਾ ਵਰਤਿਆ ਜਾਣ ਵਾਲਾ ਸਮਾਨ ਦਿਨ-ਬ-ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ। ਆਟਾ, ਦਾਲ, ਸਬਜ਼ੀ, ਦੁੱਧ, ਤੇਲ - ਹਰ ਚੀਜ਼ ਦੇ ਭਾਅ ਵੱਧ ਗਏ ਹਨ। ਇਸਦੇ ਨਾਲ-ਨਾਲ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੀ ਲਗਾਤਾਰ ਵੱਧ ਰਹੀਆਂ ਹਨ। ਜਦੋਂ ਪੈਟਰੋਲ ਮਹਿੰਗਾ ਹੁੰਦਾ ਹੈ ਤਾਂ ਟਰਾਂਸਪੋਰਟ ਮਹਿੰਗੀ ਹੁੰਦੀ ਹੈ ਅਤੇ ਉਸਦਾ ਅਸਰ ਸਿੱਧਾ ਸਾਡੇ ਰਸੋਈ ਦੇ ਸਮਾਨ ਤੇ ਪੈਂਦਾ ਹੈ। ਇੱਕ ਟਰੱਕ ਵਾਲਾ ਵੱਧ ਕਿਰਾਇਆ ਲਵੇਗਾ ਤਾਂ ਦੁਕਾਨਦਾਰ ਵੀ ਸਬਜ਼ੀ ਮਹਿੰਗੀ ਵੇਚੇਗਾ। ਇਸ ਤਰ੍ਹਾਂ ਇੱਕ ਆਮ ਆਦਮੀ ਦੀ ਕਮਰ ਟੁੱਟ ਕੇ ਰਹਿ ਗਈ ਹੈ।

ਇੱਕ ਪਾਸੇ ਮਹਿੰਗਾਈ ਦਾ ਇਹ ਹਾਲ ਹੈ ਅਤੇ ਦੂਜੇ ਪਾਸੇ ਸਾਡੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਹੈ - ਬੇਰੁਜ਼ਗਾਰੀ। ਅੱਜ ਸਾਡੇ ਨੌਜਵਾਨ ਮੁੰਡੇ-ਕੁੜੀਆਂ ਹਰ ਥਾਂ ਬੇਰੁਜ਼ਗਾਰੀ ਦਾ ਮੁੱਦਾ ਚੁੱਕਦੇ ਨਜ਼ਰ ਆਉਂਦੇ ਹਨ। ਉਹ ਸਰਕਾਰ ਤੋਂ ਨੌਕਰੀ ਦੀ ਮੰਗ ਕਰਦੇ ਹਨ। ਪਰ ਸਰਕਾਰ ਕੋਲ ਹਰ ਕਿਸੇ ਨੂੰ ਨੌਕਰੀ ਦੇਣ ਲਈ ਸਾਧਨ ਨਹੀਂ ਹਨ। ਸੱਚਾਈ ਇਹ ਹੈ ਕਿ ਸਾਰੇ ਨੌਜਵਾਨਾਂ ਨੂੰ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਮਿਲ ਹੀ ਨਹੀਂ ਸਕਦੀਆਂ।

ਮੈਂ ਮੰਨਦਾ ਹਾਂ ਕਿ ਸਰਕਾਰ ਦੀ ਵੀ ਕੁਝ ਜ਼ਿੰਮੇਵਾਰੀ ਹੈ। ਪਰ ਕਿਸੇ ਹੱਦ ਤੱਕ ਅਸੀਂ ਖੁਦ ਵੀ ਇਸ ਬੇਰੁਜ਼ਗਾਰੀ ਦੇ ਜ਼ਿੰਮੇਵਾਰ ਹਾਂ। ਅੱਜ ਸਾਡੇ ਨੌਜਵਾਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਅਸੀਂ ਹੱਥ ਦਾ ਹੁਨਰ ਸਿੱਖਣਾ ਹੀ ਨਹੀਂ ਚਾਹੁੰਦੇ। ਸਾਡੇ ਮਾਂ-ਬਾਪ ਵੀ ਬੱਚੇ ਨੂੰ ਡਾਕਟਰ, ਇੰਜੀਨੀਅਰ ਜਾਂ ਸਰਕਾਰੀ ਅਫਸਰ ਹੀ ਬਣਾਉਣਾ ਚਾਹੁੰਦੇ ਹਨ। ਜੇ ਨੌਕਰੀ ਨਾ ਲੱਗੇ ਤਾਂ ਘਰ ਬੈਠ ਜਾਂਦੇ ਹਨ। ਉਹ ਇਹ ਨਹੀਂ ਸੋਚਦੇ ਕਿ ਨੌਕਰੀ ਤੋਂ ਇਲ-ਾਵਾ ਵੀ ਜਿਉਣ ਦੇ ਹਜ਼ਾਰਾਂ ਤਰੀਕੇ ਹਨ।

ਇੱਕ ਸਮਾਂ ਸੀ ਜਦੋਂ ਸਾਡੇ ਪੰਜਾਬ ਦੇ ਘਰ-ਘਰ ਵਿੱਚ ਕੋਈ ਨਾ ਕੋਈ ਹੁਨਰ ਹੁੰਦਾ ਸੀ। ਕੋਈ ਤਰਖਾਣੀ ਕਰਦਾ ਸੀ, ਕੋਈ ਲੁਹਾਰੀ, ਕੋਈ ਦਰਜ਼ੀ ਦਾ ਕੰਮ, ਕੋਈ ਖੇਤੀ ਨਾਲ ਜੁੜਿਆ ਹੋਇਆ ਸੀ। ਪਰ ਅੱਜ ਅਸੀਂ ਉਹ ਸਭ ਭੁੱਲ ਗਏ ਹਾਂ। ਸਾਨੂੰ ਲੱਗਦਾ ਹੈ ਕਿ ਹੱਥ ਨਾਲ ਕੰਮ ਕਰਨਾ, ਦਸਤਕਾਰੀ ਕਰਨਾ ਛੋਟਾ ਕੰਮ ਹੈ। ਇਹ ਸੋਚ ਬਿਲਕੁਲ ਗਲਤ ਹੈ। ਹੱਥ ਦੀ ਦਸਤਕਾਰੀ ਕਰਨੀ ਕੋਈ ਗੁਨਾਹ ਨਹੀਂ ਹੈ। ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ, ਕੰਮ ਕੰਮ ਹੁੰਦਾ ਹੈ। ਜੇ ਇੱਜ਼ਤ ਨਾਲ ਕਮਾਈ ਹੋਵੇ ਤਾਂ ਹਰ ਕੰਮ ਵੱਡਾ ਹੈ।

ਜਿਸ ਕੋਲ ਹੁਨਰ ਹੁੰਦਾ ਹੈ, ਉਹ ਕਦੇ ਭੁੱਖਾ ਨਹੀਂ ਮਰਦਾ। ਇੱਕ ਤਰਖਾਣ, ਇੱਕ ਮਿਸਤਰੀ, ਇੱਕ ਮਕੈਨਿਕ, ਇੱਕ ਬਿਊਟੀਸ਼ੀਅਨ, ਇੱਕ ਕੰਪਿਊਟਰ ਦਾ ਕੰਮ ਜਾਣਨ ਵਾਲਾ - ਇਹ ਸਾਰੇ ਲੋਕ ਅੱਜ ਚੰਗੀ ਕਮਾਈ ਕਰ ਰਹੇ ਹਨ। ਉਨ੍ਹਾਂ ਨੂੰ ਕਿਸੇ ਦੀ ਨੌਕਰੀ ਦਾ ਮੁਥਾਜ ਨਹੀਂ ਹੋਣਾ ਪੈਂਦਾ। ਉਹ ਆਪਣੇ ਮਾਲਕ ਆਪ ਹਨ। ਉਹ ਆਪਣੇ ਪਰਿਵਾਰ ਦਾ ਖਿਆਲ ਵੀ ਚੰਗੀ ਤਰ੍ਹਾਂ ਰੱਖ ਸਕਦੇ ਹਨ। ਇਸ ਲਈ ਜ਼ਰੂਰੀ ਹੈ ਕਿ ਨੌਜਵਾਨ ਨੌਕਰੀ ਦੇ ਚੱਕਰ ਵਿੱਚ ਨਾ ਪੈਣ। ਅਗਰ ਨੌਕਰੀ ਨਹੀਂ ਮਿਲਦੀ ਤਾਂ ਕੋਈ ਨਾ ਕੋਈ ਹੁਨਰ ਸਿੱਖੋ। ਸਰਕਾਰ ਵੀ ਹੁਣ ਸਕਿੱਲ ਡਿਵੈਲਪਮੈਂਟ ਲਈ ਕੋਰਸ ਚਲਾ ਰਹੀ ਹੈ। ਉਨ੍ਹਾਂ ਦਾ ਲਾਭ ਉਠਾਉਣਾ ਚਾਹੀਦਾ ਹੈ।

ਸਰਕਾਰਾਂ ਨੂੰ ਮਾੜਾ-ਚੰਗਾ ਕਹਿਣ ਨਾਲ ਕੁਝ ਨਹੀਂ ਹੋਣਾ। ਨੌਕਰੀ ਵੀ ਲਿਆਕਤ ਦੇ ਹਿਸਾਬ ਨਾਲ ਮਿਲਦੀ ਹੈ। ਜੇ ਤੁਹਾਡੇ ਵਿੱਚ ਕਾਬਲੀਅਤ ਹੈ, ਹੁਨਰ ਹੈ, ਤਾਂ ਤੁਸੀਂ ਨੌਕਰੀ ਦੇ ਪਿੱਛੇ ਨਹੀਂ ਦੌੜੋਗੇ, ਨੌਕਰੀ ਤੁਹਾਡੇ ਪਿੱਛੇ ਦੌੜੇਗੀ। ਅੱਜ ਦੁਨੀਆਂ ਵਿੱਚ ਉਸੇ ਦੀ ਕਦਰ ਹੈ ਜਿਸ ਕੋਲ ਕੋਈ ਖਾਸ ਹੁਨਰ ਹੈ।

ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅੱਧੇ ਤੋਂ ਵੱਧ ਨੌਜਵਾਨ ਇਹੀ ਸੋਚਦੇ ਹਨ ਕਿ ਸਾਡਾ ਇੱਥੇ ਰਹਿ ਕੇ ਕੁਝ ਨਹੀਂ ਹੋ ਸਕਦਾ। ਇਸ ਲਈ ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਬਾਹਰ ਜਾ ਕੇ ਜ਼ਿੰਦਗੀ ਬਣ ਜਾਵੇਗੀ। ਪਰ ਸੱਚਾਈ ਇਹ ਹੈ ਕਿ ਬਾਹਰ ਜਾ ਕੇ ਵੀ ਕੰਮ ਤਾਂ ਕਰਨਾ ਹੀ ਪੈਂਦਾ ਹੈ।

ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਵੱਡੇ-ਵੱਡੇ ਮੁਲਕਾਂ ਵਿੱਚ ਸਾਡੇ ਪੰਜਾਬ ਦੇ ਚੰਗੇ-ਭਲੇ ਘਰਾਂ ਦੇ ਬੱਚੇ ਲੈਟਰੀਨਾਂ ਸਾਫ਼ ਕਰਦੇ ਹਨ, ਰੈਸਟੋਰੈਂਟ ਵਿੱਚ ਭਾਂਡੇ ਧੋਤੇ ਹਨ, ਪੰਪ ਤੇ ਤੇਲ ਪਾਉਂਦੇ ਹਨ। ਉੱਥੇ ਜਾ ਕੇ ਅਸੀਂ ਕਿਸੇ ਕੰਮ ਨੂੰ ਛੋਟਾ ਨਹੀਂ ਸਮਝਦੇ। ਫਿਰ ਆਪਣੇ ਪੰਜਾਬ ਵਿੱਚ ਰਹਿ ਕੇ ਅਸੀਂ ਕਿਉਂ ਸ਼ਰਮ ਕਰਦੇ ਹਾਂ? ਕੀ ਇੱਥੇ ਮਿਸਤਰੀ ਦਾ ਕੰਮ ਕਰਨਾ, ਦੁਕਾਨ ਖੋਲ੍ਹਣਾ, ਔਨਲਾਈਨ ਕਾਰੋਬਾਰ ਕਰਨਾ ਛੋਟਾ ਹੈ? ਜੇ ਬਾਹਰ ਜਾ ਕੇ ਸਭ ਕੁਝ ਕੀਤਾ ਜਾ ਸਕਦਾ ਹੈ ਤਾਂ ਆਪਣੇ ਦੇਸ਼ ਵਿੱਚ ਕਿਉਂ ਨਹੀਂ?

ਇਸ ਲਈ ਮੇਰਾ ਮੰਨਣਾ ਹੈ ਕਿ ਇਸ ਸੋਚ ਨੂੰ ਬਦਲਣ ਦੀ ਲੋੜ ਹੈ। ਸਾਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਹੀ ਬੱਚਿਆਂ ਨੂੰ ਇਹ ਸਿਖਿਆ ਦੇਣੀ ਚਾਹੀਦੀ ਹੈ ਕਿ ਜ਼ਿੰਦਗੀ ਵਿੱਚ ਹਰ ਕੰਮ ਦੀ ਇੱਜ਼ਤ ਕਰੋ। ਉਨ੍ਹਾਂ ਨੂੰ ਵੱਖ-ਵੱਖ ਹੁਨਰਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਕਾਰਪੇਂਟਰੀ, ਇਲੈਕਟ੍ਰੀਸ਼ੀਅਨ, ਪਲੰਬਿੰਗ, ਕੁਕਿੰਗ, ਫੈਸ਼ਨ ਡਿਜ਼ਾਈਨਿੰਗ, ਗ੍ਰਾਫਿਕ ਡਿਜ਼ਾਈਨਿੰਗ - ਇਹ ਸਾਰੇ ਖੇਤਰ ਅੱਜ ਬਹੁਤ ਸਕੋਪ ਵਾਲੇ ਹਨ। ਜੇ ਬੱਚਾ 10ਵੀਂ ਤੋਂ ਬਾਅਦ ਹੀ ਕੋਈ ਹੁਨਰ ਸਿੱਖ ਲਵੇ ਤਾਂ ਉਸਨੂੰ ਭਵਿੱਖ ਵਿੱਚ ਸੋਚਣਾ ਨਹੀਂ ਪਵੇਗਾ ਕਿ "ਸਾਡਾ ਕੀ ਬਣੇਗਾ"।

ਮਹਿੰਗਾਈ ਦਾ ਤੋੜ ਵੀ ਇਹੀ ਹੈ। ਜੇ ਘਰ ਦੇ 2-3 ਮੈਂਬਰ ਕਮਾਉਣ ਵਾਲੇ ਹੋਣਗੇ ਤਾਂ ਮਹਿੰਗਾਈ ਦਾ ਬੋਝ ਘੱਟ ਲੱਗੇਗਾ। ਮੁੰਡਾ ਵੀ ਕੰਮ ਕਰੇ ਅਤੇ ਕੁੜੀ ਵੀ। ਅੱਜ ਕੁੜੀਆਂ ਵੀ ਹਰ ਖੇਤਰ ਵਿੱਚ ਮੁੰਡਿਆਂ ਤੋਂ ਅੱਗੇ ਹਨ। ਉਹ ਬਿਊਟੀ ਪਾਰਲਰ, ਟਿਊਸ਼ਨ, ਸਿਲਾਈ, ਆਨਲਾਈਨ ਕੰਮ ਕਰਕੇ ਘਰ ਦੀ ਆਮਦਨ ਵਧਾ ਸਕਦੀਆਂ ਹਨ।

ਸਿੱਟੇ ਵਜੋਂ ਮੈਂ ਇਹੀ ਕਹਿਣਾ ਚਾਹਾਂਗਾ ਕਿ ਰੋਣਾ ਬੰਦ ਕਰੋ ਅਤੇ ਕੰਮ ਕਰਨਾ ਸ਼ੁਰੂ ਕਰੋ। ਸਰਕਾਰ ਦਾ ਰਾਹ ਦੇਖਣ ਦੀ ਥਾਂ ਆਪਣਾ ਰਾਹ ਆਪ ਬਣਾਓ। ਹੁਨਰ ਸਿੱਖੋ, ਮਿਹਨਤ ਕਰੋ। ਕੋਈ ਕੰਮ ਛੋਟਾ ਨਹੀਂ ਹੁੰਦਾ। ਜੇ ਅਸੀਂ ਆਪਣੀ ਸੋਚ ਬਦਲ ਲਈ ਤਾਂ ਨਾ ਮਹਿੰਗਾਈ ਸਾਨੂੰ ਤੰਗ ਕਰੇਗੀ ਅਤੇ ਨਾ ਬੇਰੁਜ਼ਗਾਰੀ। ਪੰਜਾਬ ਦੇ ਨੌਜਵਾਨ ਮਿਹਨਤੀ ਹਨ। ਬਸ ਲੋੜ ਹੈ ਸਹੀ ਦਿਸ਼ਾ ਦੇਣ ਦੀ। ਆਓ ਅਸੀਂ ਸਹੁੰ ਖਾਈਏ ਕਿ ਅਸੀਂ ਆਪਣੇ ਪੈਰਾਂ ਤੇ ਖੜੇ ਹੋਵਾਂਗੇ ਅਤੇ ਪੰਜਾਬ ਨੂੰ ਫਿਰ ਤੋਂ ਖੁਸ਼ਹਾਲ ਬਣਾਵਾਂਗੇ।



**ਗੁਰਜਿੰਦਰ ਸਿੰਘ ਸਿੱਧੂ**

# ਮੈਨੀਫੈਸਟੋ ਵਿੱਚ ਮੁਫ਼ਤਖੋਰੀ ਸਕੀਮਾਂ ਦੀ ਨਹੀਂ, ਵਿਕਾਸ ਦੀ ਗੱਲ ਹੋਵੇ

ਲੋਕਤੰਤਰ ਵਿੱਚ ਚੋਣ ਮੈਨੀਫੈਸਟੋ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਉਹ ਦਸਤਾਵੇਜ਼ ਹੁੰਦਾ ਹੈ ਜਿਸ ਰਾਹੀਂ ਉਹ ਲੋਕਾਂ ਨਾਲ ਆਪਣੇ ਵਾਅਦੇ ਅਤੇ ਭਵਿੱਖ ਦੀਆਂ ਯੋਜਨਾਵਾਂ ਸਾਂਝੀਆਂ ਕਰਦੀ ਹੈ। ਇਹ ਇੱਕ ਚੋਣ ਮਨੋਰਥ ਪੱਤਰ ਹੁੰਦਾ ਹੈ ਜੋ ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਲੋਕਾਂ ਸਾਹਮਣੇ ਇੱਕ ਇਕਰਾਰਨਾਮੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨੂੰ ਵੋਟਾਂ ਤੋਂ ਪਹਿਲਾਂ ਜਨਤਕ ਕਰਕੇ ਦੱਸਿਆ ਜਾਂਦਾ ਹੈ ਕਿ ਕਿਹੜੀ ਸਿਆਸੀ ਪਾਰਟੀ ਵੱਲੋਂ ਉਨ੍ਹਾਂ ਨਾਲ ਕੀ ਵਾਅਦੇ ਕੀਤੇ ਜਾ ਰਹੇ ਹਨ। ਇਹ ਸਿਰਫ਼ ਚੋਣ ਜਿੱਤਣ ਦਾ ਸਾਧਨ ਨਹੀਂ, ਸਗੋਂ ਦੇਸ਼ ਅਤੇ ਸਮਾਜ ਦੀ ਤਰੱਕੀ ਦਾ ਰੋਡਮੈਪ ਵੀ ਹੋਣਾ ਚਾਹੀਦਾ ਹੈ। ਪਰ ਬਦਕਿਸਮਤੀ ਨਾਲ ਸਾਡੇ ਦੇਸ਼ ਦੀਆਂ ਰਾਜਸੀ ਪਾਰਟੀਆਂ ਸਿਰਫ਼ ਇਸ ਨੂੰ ਚੋਣ ਜਿੱਤਣ ਦਾ ਇੱਕ ਜ਼ਰੀਆ ਮੰਨ ਕੇ ਹੀ ਚੱਲਦੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਇਹ ਰੁਝਾਨ ਵੱਧਦਾ ਜਾ ਰਿਹਾ ਹੈ ਕਿ ਮੈਨੀਫੈਸਟੋ ਵਿੱਚ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਨਕਦ ਰਕਮ ਜਾਂ ਹੋਰ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਇਸ ਕਾਰਨ ਵਿਕਾਸ ਦੇ ਅਸਲ ਮੁੱਦੇ ਪਿੱਛੇ ਰਹਿ ਜਾਂਦੇ ਹਨ। ਕਿਸੇ ਵੀ ਦੇਸ਼ ਜਾਂ ਰਾਜ ਦੀ ਤਰੱਕੀ ਮੁਫ਼ਤਖੋਰੀ ਨਾਲ ਨਹੀਂ, ਸਗੋਂ ਮਜ਼ਬੂਤ ਬੁਨਿਆਦੀ ਢਾਂਚੇ, ਉੱਚ ਪੱਧਰੀ ਸਿੱਖਿਆ, ਬਿਹਤਰ ਸਿਹਤ ਸੇਵਾਵਾਂ, ਰੁਜ਼ਗਾਰ ਦੇ ਮੌਕੇ, ਉਦਯੋਗਾਂ ਦੇ ਵਿਕਾਸ ਅਤੇ ਖੇਤੀਬਾੜੀ ਦੀ ਤਰੱਕੀ ਨਾਲ ਹੁੰਦੀ ਹੈ। ਜੇਕਰ ਸਰਕਾਰਾਂ ਲੋਕਾਂ ਨੂੰ ਸਵੈ-ਨਿਰਭਰ ਬਣਾਉਣ ਦੀ ਥਾਂ ਮੁਫ਼ਤ ਸਹੂਲਤਾਂ ਦੀ ਆਦਤ ਪਾ ਦੇਣ, ਤਾਂ ਇਹ ਲੰਬੇ ਸਮੇਂ ਲਈ ਨਾ ਆਰਥਿਕ ਤੌਰ 'ਤੇ ਠੀਕ ਹੈ ਅਤੇ ਨਾ ਹੀ ਸਮਾਜਿਕ ਤੌਰ 'ਤੇ।

ਚੋਣ ਮੈਨੀਫੈਸਟੋ ਵਿੱਚ ਅਜਿਹੀਆਂ ਯੋਜਨਾਵਾਂ ਨੂੰ ਪ੍ਰਮੁੱਖਤਾ ਮਿਲਣੀ ਚਾਹੀਦੀ ਹੈ ਜੋ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ, ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ, ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਸੰਤੁਲਿਤ ਵਿਕਾਸ ਨੂੰ ਯਕੀਨੀ ਬਣਾਉਣ। ਜਦੋਂ ਲੋਕਾਂ ਨੂੰ ਰੁਜ਼ਗਾਰ ਅਤੇ ਮੌਕੇ ਮਿਲਣਗੇ ਤਾਂ ਉਹ ਆਪਣੀਆਂ ਲੋੜਾਂ ਖ਼ੁਦ ਪੂਰੀਆਂ ਕਰਨ ਦੇ ਯੋਗ ਹੋ ਸਕਣਗੇ। ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਦੇ ਗਰੀਬ ਅਤੇ ਲੋੜਵੰਦ ਵਰਗ ਲਈ ਸਰਕਾਰੀ ਸਹਾਇਤਾ ਖ਼ਤਮ ਕਰ ਦਿੱਤੀ ਜਾਵੇ ਪਰ ਉਹ ਸੀਮਤ ਹੋਣੀ ਚਾਹੀਦੀ ਹੈ ਨਾ ਕਿ ਰਿਉੜੀਆਂ ਵੰਡਣ ਵਾਲੀ ਘਟੀਆ ਨੀਤੀ। ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਆਪਣੀ ਮਹੱਤਤਾ ਹੈ, ਪਰ ਉਹ ਅਸਲ ਲਾਭਪਾਤਰੀਆਂ ਤੱਕ ਸੀਮਿਤ ਅਤੇ ਪਾਰਦਰਸ਼ੀ ਢੰਗ ਨਾਲ ਪਹੁੰਚਣੀਆਂ ਚਾਹੀਦੀਆਂ ਹਨ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹਾਰਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਵੀ ਹੋਣਾ ਚਾਹੀਦਾ ਹੈ। ਅੱਜ ਦੇ ਸਮੇਂ ਵਿੱਚ ਵੋਟਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋਣ, ਸਗੋਂ ਇਹ ਵੇਖਣ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ। ਚੋਣ ਮੈਨੀਫੈਸਟੋ ਦਾ ਕੇਂਦਰ ਮੁਫ਼ਤਖੋਰੀ ਨਹੀਂ, ਸਗੋਂ ਵਿਕਾਸ, ਸਵੈ-ਨਿਰਭਰਤਾ ਅਤੇ ਸੁਸ਼ਾਸਨ ਹੋਣਾ ਚਾਹੀਦਾ ਹੈ। ਜਿਹੜੀਆਂ ਨੀਤੀਆਂ ਲੋਕਾਂ ਨੂੰ ਸਮਰੱਥ ਬਣਾਉਂਦੀਆਂ ਹਨ, ਉਹੀ ਦੇਸ਼ ਨੂੰ ਅੱਗੇ ਲੈ ਕੇ ਜਾਂਦੀਆਂ ਹਨ। ਚੋਣੀ ਵਾਅਦੇ ਅਜਿਹੇ ਹੋਣ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ, ਖੁਸ਼ਹਾਲ ਅਤੇ ਵਿਕਸਤ ਸਮਾਜ ਦੀ ਨੀਂਹ ਰੱਖ ਸਕਣ।

ਦੂਜੀ ਗੱਲ ਧਿਆਨ ਦੇਣ ਯੋਗ ਇਹ ਹੈ ਕਿ ਚੋਣ ਮੈਨੀਫੈਸਟੋ ਨੂੰ ਇੱਕ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਗੱਲ ਕਈ ਵਾਰ ਕੀਤੀ ਜਾ ਚੁੱਕੀ ਹੈ ਪਰ ਕਾਮਯਾਬੀ ਕਦੇ ਹਾਸਿਲ ਨਹੀਂ ਹੋਈ ਹੈ। ਮੈਨੀਫੈਸਟੋ ਬਾਰੇ ਸੁਪਰੀਮ ਕੋਰਟ ਤੱਕ ਮਾਮਲੇ ਜਾ ਚੁੱਕੇ ਹਨ। ਪਰ ਕੋਰਟ ਵੱਲੋਂ ਇਸ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਤੋਂ ਸਾਫ਼ ਇਨਕਾਰ ਕੀਤਾ ਗਿਆ ਹੈ।ਅਦਾਲਤ ਦਾ ਕਹਿਣਾ ਹੈ ਕਿ ਮੈਨੀਫੈਸਟੋ ਲਈ ਕੋਈ ਕਾਨੂੰਨ ਨਹੀਂ ਹੈ, ਇਸ ਲਈ ਇਸ ਦੀਆਂ ਗੱਲਾਂ ਨੂੰ ਕੋਰਟ ਲਾਗੂ ਨਹੀਂ ਕਰਵਾ ਸਕਦਾ ਹੈ। ਇਸ ਦੇ ਨਾਲ ਹੀ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਪੂਰੇ ਕਰਨ ਲਈ ਪੰਜ ਸਾਲ ਦਾ ਵਕਤ ਹੁੰਦਾ ਹੈ।ਅਦਾਲਤ ਲਈ ਇਹ ਮੁਮਕਿਨ ਨਹੀਂ ਹੈ ਕਿ ਉਹ ਇਹ ਤੈਅ ਕਰ ਸਕੇ ਕਿ ਪੰਜ ਸਾਲਾਂ ਵਿੱਚ ਕਿਸ ਕੰਮ ਲਈ ਕਿੰਨਾ ਵਕਤ ਚਾਹੀਦਾ ਹੈ।

ਮੈਨੀਫੈਸਟੋ ਸਬੰਧੀ ਕਾਨੂੰਨ ਨਾ ਹੋਣ ਕਰਕੇ ਹੀ ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨਾਲ਼ ਮੁਕਾਬਲਾ ਚੱਲਦਾ ਰਹਿੰਦਾ ਹੈ ਕਿ ਕੌਣ ਕਿੰਨੇ ਵਾਅਦੇ ਕਰਦਾ ਹੈ ਅਤੇ ਹੋਰ ਪਾਰਟੀ ਉਸ ਤੋਂ ਵਧ ਕੇ ਵਾਅਦੇ ਕਰੇਗੀ। ਇਹ ਸਾਡੀ ਦੇਸ਼ ਦੀ ਰਾਜਨੀਤੀ ਦਾ ਇੱਕ ਬਹੁਤ ਹੀ ਕੋਝਾ ਮਜ਼ਾਕ ਹੈ ਕਿ ਲੀਡਰ ਇਹ ਦੱਸਣ ਦੀ ਬਜਾਏ ਕਿ ਆਮ ਲੋਕਾਂ ਦੀਆਂ ਮੁਸ਼ਕਲਾਂ ਕਿਵੇਂ ਦੂਰ ਕੀਤੀਆਂ ਜਾਣਗੀਆਂ, ਉਹ ਅਜਿਹੇ ਮਨੋਰਥ ਪੱਤਰਾਂ ਰਾਹੀਂ ਲੌਲੀਪਾਪ ਦਿਖਾ ਕੇ ਲਾਲਚ ਦਿੰਦੀਆਂ ਹਨ। ਕਦੇ ਇਹਨਾਂ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਕੋਲੋਂ ਨਹੀਂ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਸ ਖੇਤਰ ਵਿੱਚ ਸੁਧਾਰ ਲਿਆ ਕੇ ਉਨ੍ਹਾਂ ਦੀ ਸਰਬਪੱਖੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕੰਮ ਕੀਤੇ ਜਾਣੇ ਚਾਹੀਦੇ ਹਨ।

ਕਿਸੇ ਸਿਆਸੀ ਪਾਰਟੀ ਦੇ ਮੈਨੀਫੈਸਟੋ ਉੱਤੇ ਭਰੋਸਾ ਉਸਦੀ ਲਿਖਤੀ ਅਤੇ ਮਨ ਲੁਭਾਉਣੇ ਅਹਿਦਾਂ ਤੋਂ ਨਹੀਂ ਬਲਕਿ ਉਸ ਵਿੱਚ ਦਰਜ ਸਕੀਮਾਂ ਜਾਂ ਕੰਮਾਂ ਦੀ ਸੂਚੀ ਦੀ ਪੂਰਤੀ ਅਤੇ ਪੂਰਤੀ ਦੇ ਢੰਗ ਦੇ ਪੱਖੋਂ ਮੰਨਣਾ ਚਾਹੀਦਾ ਹੈ। ਜੇ ਸਰਕਾਰਾਂ ਨੇ ਮੈਨੀਫੈਸਟੋ ਵਿੱਚ ਦਿੱਤੇ ਭਰੋਸਿਆਂ ਨੂੰ ਲਾਗੂ ਨਹੀਂ ਕਰਨਾ ਹੁੰਦਾ ਤਾਂ ਉਸ ਦਾ ਫਾਇਦਾ ਕੀ ਹੈ।ਕੀ ਇਹ ਆਮ ਜਨਤਾ ਨੂੰ ਬੇਵਕੂਫ਼ ਬਣਾਉਣ ਦਾ ਇੱਕ ਜ਼ਰੀਆ ਹੀ ਮੰਨ ਲਿਆ ਜਾਵੇ ? ਸਾਡੇ ਦੇਸ਼ ਵਿੱਚ ਇਸ ਸਬੰਧੀ ਜ਼ਰੂਰੀ ਕੋਈ ਨਾ ਕੋਈ ਕਾਰਵਾਈ ਹੋਣੀ ਚਾਹੀਦੀ ਹੈ।ਹਰੇਕ ਵਾਅਦੇ ਦੇ ਨਾਲ ਉਸ ਦੀ ਸਮੇਂ ਸੀਮਾ ਵੀ ਨਿਸ਼ਚਿਤ ਕਰਵਾਉਣੀ ਚਾਹੀਦੀ ਹੈ ਕਿ ਕਿੰਨੀ ਦੇਰ ਦੇ ਅੰਦਰ ਇਹ ਵਾਅਦਾ ਪੂਰਾ ਹੋਵੇਗਾ। ਜੇ ਆਮ ਵਿਅਕਤੀ ਵੱਲੋਂ ਦੂਜੇ ਵਿਅਕਤੀ ਨੂੰ ਛੋਟੇ ਮੋਟੇ ਲੈਣ ਦੇਣ ਤੇ ਗਰੰਟੀ ਕਾਗਜ਼ ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ ਤਾਂ ਸਰਕਾਰ ਬਣਾਉਣ ਜਾ ਰਹੀ ਪਾਰਟੀ ਵੱਲੋਂ ਦਿੱਤੇ ਇਸ ਚੋਣ ਮਨੋਰਥ ਪੱਤਰ ਤੇ ਕਾਰਵਾਈ ਕਿਉਂ ਨਹੀਂ ਹੋ ਸਕਦੀ?

ਸੋ ਵੋਟਰੋ ਇਹ ਤੁਹਾਡੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋ ਕੇ ਇਸ ਗੱਲ ਵੱਲ ਧਿਆਨ ਦਿਓ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਵੋਟਰਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਕਿਉਂਕਿ ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ।



ਬਰਜਿੰਦਰ ਕੌਰ ਬਿਸਰਾਓ...
9988901324

# ਕਿਸੇ ਆਪਣੇ ਦੇ ਹੱਥੋਂ ਟੁੱਟਦੇ ਦਿਲ.....

ਦੁਨੀਆ ਵਿੱਚ ਹਰ ਦਰਦ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਪਰ ਸਭ ਤੋਂ ਡੂੰਘਾ ਦਰਦ ਉਹ ਹੁੰਦਾ ਹੈ ਜੋ ਇਨਸਾਨ ਨੂੰ ਕਿਸੇ ਹੋਰ ਨੇ ਨਹੀਂ, ਸਗੋਂ ਉਸ ਦੇ ਕਿਸੇ ਆਪਣੇ ਦੇ ਹੱਥਾਂ ਨਾਲ ਦਿੱਤਾ ਗਿਆ ਹੋਵੇ। ਆਪਣੇ ਹੱਥੋਂ ਟੁੱਟਿਆ ਦਿਲ ਸਿਰਫ਼ ਇੱਕ ਰਿਸ਼ਤੇ ਦੇ ਖ਼ਤਮ ਹੋਣ ਦਾ ਦਰਦ ਨਹੀਂ ਹੁੰਦਾ, ਇਹ ਆਪਣੇ ਫ਼ੈਸਲਿਆਂ, ਆਪਣੀਆਂ ਗ਼ਲਤੀਆਂ ਅਤੇ ਆਪਣੀਆਂ ਉਮੀਦਾਂ ਦੇ ਟੁੱਟਣ ਦਾ ਦਰਦ ਵੀ ਹੁੰਦਾ ਹੈ।

ਕਈ ਵਾਰ ਅਸੀਂ ਉਹਨਾਂ ਲੋਕਾਂ ਨੂੰ ਗੁਆ ਲੈਂਦੇ ਹਾਂ ਜੋ ਸਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਦੌਲਤ ਹੁੰਦੇ ਹਨ।

ਅਹੰਕਾਰ, ਗੁੱਸਾ, ਜ਼ਿੱਦ ਜਾਂ ਬੇਵਕੂਫ਼ੀਆਂ ਵਿੱਚ ਲਏ ਫ਼ੈਸਲੇ ਸਾਡੇ ਆਪਣੇ ਹੱਥਾਂ ਨਾਲ ਉਹ ਰਿਸ਼ਤੇ ਤੋੜ ਦਿੰਦੇ ਹਨ ਜਿਨ੍ਹਾਂ ਨੂੰ ਬਣਾਉਣ ਲਈ ਸਾਲਾਂ ਲੱਗੇ ਹੁੰਦੇ ਹਨ। ਉਸ ਵੇਲੇ ਸਾਨੂੰ ਆਪਣੀ ਗ਼ਲਤੀ ਦਾ ਅਹਿਸਾਸ ਨਹੀਂ ਹੁੰਦਾ, ਪਰ ਜਦੋਂ ਸਮਾਂ ਲੰਘ ਜਾਂਦਾ ਹੈ ਤਾਂ ਦਿਲ ਦੇ ਅੰਦਰ ਇੱਕ ਖ਼ਾਮੋਸ਼ ਪਸ਼ਚਾਤਾਪ ਜਨਮ ਲੈਂਦਾ ਹੈ।

ਆਪਣੇ ਹੱਥੋਂ ਟੁੱਟੇ ਦਿਲ ਦੀ ਸਭ ਤੋਂ ਵੱਡੀ ਤਕਲੀਫ਼ ਇਹ ਹੁੰਦੀ ਹੈ ਕਿ ਇਸ ਦਾ ਦੋਸ਼ ਕਿਸੇ ਹੋਰ ਨੂੰ ਨਹੀਂ ਦਿੱਤਾ ਜਾ ਸਕਦਾ। ਇਨਸਾਨ ਭਾਵੇਂ ਦੁਨੀਆ ਤੋਂ ਲੁਕ ਜਾਵੇ, ਪਰ ਆਪਣੇ ਜ਼ਮੀਰ ਤੋਂ ਨਹੀਂ ਲੁਕ ਸਕਦਾ। ਹਰ ਯਾਦ, ਹਰ ਗੱਲ ਅਤੇ ਹਰ ਲੰਘਿਆ ਪਲ ਉਸ ਨੂੰ ਵਾਰ-ਵਾਰ ਇਹ ਅਹਿਸਾਸ ਕਰਵਾਉਂਦਾ ਹੈ ਕਿ ਕਾਸ਼ ਉਸ ਵੇਲੇ ਉਹ ਥੋੜ੍ਹਾ ਸਬਰ ਕਰ ਲੈਂਦਾ, ਥੋੜ੍ਹਾ ਸਮਝ ਲੈਂਦਾ ਜਾਂ ਥੋੜ੍ਹਾ ਝੁਕ ਜਾਂਦਾ।ਪਰ ਜ਼ਿੰਦਗੀ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਇਹ ਸਿਰਫ਼ ਸਜ਼ਾ ਨਹੀਂ ਦਿੰਦੀ, ਸਿੱਖਿਆ ਵੀ ਦਿੰਦੀ ਹੈ। ਆਪਣੀਆਂ ਦੇ ਹੱਥੋਂ ਟੁੱਟਿਆ ਦਿਲ ਇਨਸਾਨ ਨੂੰ ਨਿਮਰ ਬਣਾਉਂਦਾ ਹੈ, ਰਿਸ਼ਤਿਆਂ ਦੀ ਕੀਮਤ



ਸਮਝਾਉਂਦਾ ਹੈ ਅਤੇ ਇਹ ਸਿਖਾਉਂਦਾ ਹੈ ਕਿ ਹਰ ਸੱਚ ਬੋਲਣਾ ਜ਼ਰੂਰੀ ਨਹੀਂ ਹੁੰਦਾ, ਹਰ ਜੰਗ ਜਿੱਤਣੀ ਲਾਜ਼ਮੀ ਨਹੀਂ ਹੁੰਦੀ ਅਤੇ ਹਰ ਗੱਲ ਵਿੱਚ ਆਪਣੇ ਆਪ ਨੂੰ ਸਹੀ ਸਾਬਤ ਕਰਨਾ ਵੀ ਅਕਲਮੰਦੀ ਨਹੀਂ ਹੁੰਦੀ।

ਜੋ ਲੋਕ ਆਪਣੇ ਟੁੱਟੇ ਦਿਲ ਦੀ ਚੁਭਨ ਨੂੰ ਸਮਝ ਲੈਂਦੇ ਹਨ, ਉਹ ਅੱਗੇ ਚੱਲ ਕੇ ਰਿਸ਼ਤਿਆਂ ਨੂੰ ਹੋਰ ਸੰਭਾਲਣਾ ਸਿੱਖ ਜਾਂਦੇ ਹਨ। ਕਿਉਂਕਿ ਉਹ ਜਾਣਦੇ ਹਨ ਕਿ ਦਿਲ ਟੁੱਟਣ ਦੀ ਆਵਾਜ਼ ਭਾਵੇਂ ਬਾਹਰ ਨਹੀਂ ਸੁਣਾਈ ਦਿੰਦੀ, ਪਰ ਇਸ ਦੀ ਗੂੰਜ ਉਮਰ ਭਰ ਅੰਦਰ ਰਹਿੰਦੀ ਹੈ।ਆਪਣੇ ਲੋਕਾਂ ਦੇ ਹੱਥੋਂ ਟੁੱਟੇ ਦਿਲਾਂ ਦਾ ਦਰਦ ਸਭ ਤੋਂ ਵੱਧ ਹੁੰਦਾ ਹੈ, ਪਰ ਇਹੀ ਦਰਦ ਇਨਸਾਨ ਨੂੰ ਸਭ ਤੋਂ ਵੱਡਾ ਸਬਕ ਵੀ ਦੇ ਜਾਂਦਾ ਹੈ।



ਮੰਜੂ ਰਾਇਕਾ
ਸੰਗਰੂਰ
ਮੋ:-7626053712

# ਪੰਜਾਬੀ ਸੰਗੀਤ ਜਗਤ ਦਾ ਅਨਮੋਲ ਹੀਰਾ: ਗੀਤਕਾਰ, ਗਾਇਕ, ਸੰਗੀਤਕਾਰ, ਸਾਹਿਤਕਾਰ ਅਤੇ ਸਮਾਜ ਸੇਵੀ ਹਰੀਸ਼ ਹਰਫ਼ (ਹਰੀਸ਼ ਪਟਿਆਲਵੀ)

ਪੰਜਾਬ ਦੀ ਧਰਤੀ ਨੇ ਹਮੇਸ਼ਾ ਅਜਿਹੇ ਮਹਾਨ ਰਚਨਾਕਾਰ ਪੈਦਾ ਕੀਤੇ ਹਨ ਜਿਨ੍ਹਾਂ ਨੇ ਆਪਣੀ ਕਲਮ, ਕਲਾ ਅਤੇ ਕਿਰਦਾਰ ਨਾਲ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ ਹੈ। ਇਨ੍ਹਾਂ ਸ਼ਖ਼ਸੀਅਤਾਂ ਵਿੱਚ ਇੱਕ ਮਹੱਤਵਪੂਰਨ ਨਾਮ ਹੈ ਹਰੀਸ਼ ਹਰਫ਼, ਜਿਨ੍ਹਾਂ ਨੂੰ ਸੰਗੀਤ ਜਗਤ ਵਿੱਚ ਹਰੀਸ਼ ਪਟਿਆਲਵੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਹ ਪੰਜਾਬੀ ਗੀਤਕਾਰੀ, ਗਾਇਕੀ, ਸੰਗੀਤ, ਸਾਹਿਤ, ਪੱਤਰਕਾਰੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਰੰਤਰ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਇਸ ਗੱਲ ਦੀ ਮਿਸਾਲ ਹੈ ਕਿ ਅਸਲ ਕਲਾਕਾਰ ਸਿਰਫ਼ ਮਨੋਰੰਜਨ ਨਹੀਂ ਕਰਦਾ, ਸਗੋਂ ਸਮਾਜ ਦੀ ਸੋਚ ਨੂੰ ਵੀ ਨਵੀਂ ਦਿਸ਼ਾ ਦਿੰਦਾ ਹੈ।

21 ਜੁਲਾਈ 1977 ਨੂੰ ਪਿਤਾ ਸ੍ਰੀ ਦੇਵ ਸਿੰਘ ਅਤੇ ਮਾਤਾ ਸ੍ਰੀਮਤੀ ਮਹਿੰਦਰ ਕੌਰ ਦੇ ਘਰ ਪਿੰਡ ਸਿਉਣਾ, ਡਾਕਖਾਨਾ ਸਿੱਧੂਵਾਲ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿੱਚ ਜਨਮੇ ਹਰੀਸ਼ ਹਰਫ਼ ਦਾ ਅਸਲ ਨਾਮ ਹਰੀ ਰਾਮ ਹੈ। ਪੰਜ ਭੈਣਾਂ ਤੋਂ ਬਾਅਦ ਜਨਮੇ ਹਰੀਸ਼ ਹਰਫ਼ ਨੂੰ ਬਚਪਨ ਤੋਂ ਹੀ ਮਿਹਨਤ, ਇਮਾਨਦਾਰੀ, ਮਨੁੱਖਤਾ ਅਤੇ ਸਮਾਜ ਸੇਵਾ ਦੇ ਸੰਸਕਾਰ ਮਿਲੇ। ਇਹੀ ਸੰਸਕਾਰ ਬਾਅਦ ਵਿੱਚ ਉਨ੍ਹਾਂ ਦੀ ਕਲਮ ਅਤੇ ਜੀਵਨ ਦੀ ਪਛਾਣ ਬਣੇ।

ਉਨ੍ਹਾਂ ਦੀ ਜੀਵਨ ਸਾਥਣ ਸ੍ਰੀਮਤੀ ਕਿਰਨਜੀਤ ਕੌਰ ਹਨ, ਜਦਕਿ ਪੁੱਤਰ ਯੁਵਰਾਜ ਅਤੇ ਧੀ ਜੈਸਮੀਨ ਉਨ੍ਹਾਂ ਦੇ ਪਰਿਵਾਰ ਦਾ ਮਾਣ ਹਨ। ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਕਰਨ ਤੋਂ ਬਾਅਦ ਉਨ੍ਹਾਂ ਨੇ ਡੀ. ਫਾਰਮੇਸੀ ਅਤੇ ਐੱਮ.ਏ. (ਪੋਲਿਟੀਕਲ ਸਾਇੰਸ) ਦੀ ਸਿੱਖਿਆ ਪ੍ਰਾਪਤ ਕੀਤੀ। ਸਿੱਖਿਆ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਪਿੰਡ ਵਿੱਚ ਸਿਉਣਾ ਮੈਡੀਕੋਜ਼ ਦੇ ਨਾਮ ਹੇਠ ਫਾਰਮਾਸਿਸਟ ਵਜੋਂ ਲੋਕ ਸੇਵਾ ਕੀਤੀ। ਉਨ੍ਹਾਂ ਲਈ ਪੇਸ਼ਾ ਸਿਰਫ਼ ਰੋਜ਼ਗਾਰ ਦਾ ਸਾਧਨ ਨਹੀਂ, ਸਗੋਂ ਮਨੁੱਖੀ ਸੇਵਾ ਦਾ ਮਾਧਿਅਮ ਵੀ ਹੈ।

ਹਰੀਸ਼ ਹਰਫ਼ ਦੇ ਅੰਦਰ ਸਾਹਿਤ ਦਾ ਬੀਜ ਬਚਪਨ ਵਿੱਚ ਹੀ ਅੰਕੁਰਿਤ ਹੋ ਗਿਆ ਸੀ। ਪ੍ਰਸਿੱਧ ਗੀਤਕਾਰ ਗੁਰੂ ਬਚਨ ਬੇਦਿਲ ਬਡਰੁੱਖਾਂ ਦੀ ਲੇਖਣੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ 1993 ਵਿੱਚ ਗੀਤ ਲਿਖਣੇ ਸ਼ੁਰੂ ਕੀਤੇ। ਉਸਤਾਦ ਦਰਸ਼ਨ ਭੰਮੇ, ਜਨਕ ਸੰਗਤ ਅਤੇ ਹਰਦੇਵ ਹਮਦਰਦ ਵਰਗੇ ਵਿਦਵਾਨਾਂ ਦੀ ਰਹਿਨੁਮਾਈ ਨੇ ਉਨ੍ਹਾਂ ਦੀ ਰਚਨਾਤਮਕ ਸੋਚ ਨੂੰ ਨਿਖਾਰਿਆ। 1995 ਵਿੱਚ ਉਨ੍ਹਾਂ ਦਾ ਪਹਿਲਾ ਗੀਤ ਰਿਕਾਰਡ ਹੋਇਆ ਅਤੇ ਇਸੇ ਨਾਲ ਪੰਜਾਬੀ ਸੰਗੀਤ ਜਗਤ ਵਿੱਚ ਉਨ੍ਹਾਂ ਦੀ ਯਾਤਰਾ ਦਾ ਨਵਾਂ ਅਧਿਆਇ ਸ਼ੁਰੂ ਹੋਇਆ।

ਅੱਜ ਤੱਕ ਉਨ੍ਹਾਂ ਦੇ ਲਗਭਗ ਡੇਢ ਸੌ ਤੋਂ ਵੱਧ ਗੀਤ ਰਿਕਾਰਡ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਧਾਰਮਿਕ, ਸਮਾਜਿਕ, ਰੋਮਾਂਟਿਕ, ਲੋਕਧਾਰਾ ਅਤੇ ਦੇਸ਼-ਪ੍ਰੇਮ ਨਾਲ ਸਬੰਧਤ ਵਿਸ਼ਿਆਂ ਦੀ ਵਿਸ਼ਾਲ ਰੇਂਜ ਮਿਲਦੀ ਹੈ। ਉਨ੍ਹਾਂ ਦੇ ਲਿਖੇ ਗੀਤਾਂ ਨੂੰ ਸੋਮਨਾਥ ਜੋਗੀਪੁਰੀ, ਲੱਕੀ ਸਿੰਘ, ਸੋਨੂੰ ਵਿਰਕ, ਸੋਨੂੰ ਬੋਪਾਰਾਏ, ਤਾਨੀਆ ਗਿੱਲ, ਰਿੰਪੀ ਗਿੱਲ, ਪਰਮਿੰਦਰ ਔਲਖ, ਜੀਤਾ ਪਵਾਰ, ਗੁਰਮੀਤ ਮੀਤ, ਸੁਦੇਸ਼ ਕੁਮਾਰੀ, ਅਮਨਜੋਤ, ਅਨੀਤਾ ਸਮਾਣਾ, ਹਰਪ੍ਰੀਤ ਸੰਧੂ, ਵਿੱਕੀ ਸਿਉਣਾ, ਅਰਮਾਨ ਦੀਪ, ਦਵਿੰਦਰ ਮਾਹੀ, ਬਾਜ਼ ਸਿੰਘ ਬਾਜ਼, ਸੁਖਵਿੰਦਰ ਸੁੱਖੀ, ਸਾਹਿਲ ਪਟਿਆਲਵੀ, ਅਮਨ ਹਰਦਾਸਪੁਰੀਆ, ਹਰਪ੍ਰੀਤ ਖਰੌੜ, ਸਨਾ ਭਾਰਤੀ, ਐੱਚ. ਦੀਪ, ਪਰਮਿੰਦਰ ਪਰਮ ਅਤੇ ਹੋਰ ਕਈ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। ਇਹ ਆਪਣੇ ਆਪ ਵਿੱਚ ਉਨ੍ਹਾਂ ਦੀ ਲੇਖਣੀ ਦੀ ਪ੍ਰਮਾਣਿਕਤਾ ਦਾ ਸਬੂਤ ਹੈ।

ਉਨ੍ਹਾਂ ਦੇ ਕਈ ਗੀਤ ਲੋਕਪ੍ਰਿਯਤਾ ਦੇ ਨਵੇਂ ਮਾਪਦੰਡ ਸਥਾਪਤ ਕਰ ਚੁੱਕੇ ਹਨ। "ਸੰਜੋਗ", "ਚੰਨ ਨੂੰ ਚਕੋਰਾ", "ਚੰਨ ਨੂੰ ਚਕੋਰਾ-2", "ਸੋਹਣੇ ਸੁਪਨੇ", "ਛੱਲਾ ਉੱਡ ਚੱਲਿਆ ਪ੍ਰਦੇਸ", "ਚਾਰ ਪੁੱਤਰ", "ਮੁਰਗਾਬੀ ਚਾਲ" ਅਤੇ "ਹਿਨਾ" ਵਰਗੇ ਗੀਤਾਂ 'ਤੇ ਲੱਖਾਂ ਦੀ ਗਿਣਤੀ ਵਿੱਚ ਸੋਸ਼ਲ ਮੀਡੀਆ ਰੀਲਾਂ ਬਣੀਆਂ। ਇਹ ਗੱਲ ਦਰਸਾਉਂਦੀ ਹੈ ਕਿ ਉਨ੍ਹਾਂ ਦੀ ਕਲਮ ਸਿਰਫ਼ ਰਵਾਇਤੀ ਸਰੋਤਿਆਂ ਤੱਕ ਹੀ ਸੀਮਿਤ ਨਹੀਂ, ਸਗੋਂ ਨਵੀਂ ਪੀੜ੍ਹੀ ਵਿੱਚ ਵੀ ਉਤਨੀ ਹੀ ਲੋਕਪ੍ਰਿਯ ਹੈ।

ਕਿਸਾਨੀ ਅੰਦੋਲਨ ਦੌਰਾਨ ਹਰੀਸ਼ ਹਰਫ਼ ਨੇ ਆਪਣੀ ਕਲਮ ਅਤੇ ਆਵਾਜ਼ ਦੋਵੇਂ ਨੂੰ ਸੰਘਰਸ਼ ਦੀ ਆਵਾਜ਼ ਬਣਾਇਆ। "ਹੱਲਾ ਬੋਲ ਹਿਲਾ ਦਿਓ ਦਿੱਲੀ", "ਡੈਥ ਵਾਰੰਟ", "ਨੀ ਦਿੱਲੀਏ ਵਾਹ ਲਿਆਂਗੇ" ਅਤੇ "ਅੱਕੇ ਫਿਰਦੇ ਜੱਟ" ਵਰਗੇ ਗੀਤਾਂ ਨੇ ਲੋਕਾਂ ਵਿੱਚ ਨਵਾਂ ਜੋਸ਼ ਭਰਿਆ।




ਇਨ੍ਹਾਂ ਵਿੱਚੋਂ ਕਈ ਗੀਤ ਉਨ੍ਹਾਂ ਨੇ ਖੁਦ ਲਿਖੇ, ਸੰਗੀਤਬੱਧ ਕੀਤੇ ਅਤੇ ਆਪਣੀ ਆਵਾਜ਼ ਵਿੱਚ ਪੇਸ਼ ਕੀਤੇ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ "ਅੱਖ" ਸ਼ਬਦ ਰਾਹੀਂ ਉਨ੍ਹਾਂ ਨੇ ਧਾਰਮਿਕ ਭਾਵਨਾਵਾਂ ਅਤੇ ਸਿੱਖ ਇਤਿਹਾਸ ਨੂੰ ਸੰਗੀਤ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਯਤਨ ਕੀਤਾ।

ਹਰੀਸ਼ ਹਰਫ਼ ਸਿਰਫ਼ ਗੀਤਕਾਰ ਹੀ ਨਹੀਂ, ਇੱਕ ਮੰਨੇ-ਪ੍ਰਮੰਨੇ ਸਾਹਿਤਕਾਰ ਵੀ ਹਨ। ਉਨ੍ਹਾਂ ਦੀਆਂ ਪੰਜ ਕਿਤਾਬਾਂ—"ਅੱਕ ਦੀਆਂ ਅੰਬੀਆਂ", "ਮੁੜ ਕੇ ਮਿਲੇ ਨਹੀਂ", "ਅਸੀਂ ਦੋਵੇਂ ਇੱਕੋ ਪਿੰਡ ਸੀ", "ਕਾਸ਼ ਕਿਤੇ ਤੂੰ ਵਾਪਸ ਆ ਜੇਂ" ਅਤੇ "ਕੱਚੀਆਂ ਗੜ੍ਹੀਆਂ ਪੱਕੀਆਂ ਨੀਂਹਾਂ"—ਪਾਠਕਾਂ ਵੱਲੋਂ ਖੂਬ ਸਰਾਹੀਆਂ ਗਈਆਂ। ਇਨ੍ਹਾਂ ਵਿੱਚ ਪੰਜਾਬ ਦੀ ਮਿੱਟੀ, ਰਿਸ਼ਤਿਆਂ ਦੀ ਗਰਮੀ, ਮਨੁੱਖੀ ਦਰਦ, ਸਮਾਜਿਕ ਚਿੰਤਨ ਅਤੇ ਰੂਹਾਨੀ ਅਹਿਸਾਸ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। "ਕੱਚੀਆਂ ਗੜ੍ਹੀਆਂ ਪੱਕੀਆਂ ਨੀਂਹਾਂ" ਵਿੱਚੋਂ ਲਿਖੇ ਧਾਰਮਿਕ ਗੀਤਾਂ ਨੂੰ ਲੱਕੀ ਸਿੰਘ ਅਤੇ ਬੀਬਾ ਹਰਲੀਨ ਅਖ਼ਤਰ ਨੇ ਆਪਣੀ ਆਵਾਜ਼ ਦੇ ਕੇ ਹੋਰ ਵੀ ਲੋਕਪ੍ਰਿਯ ਬਣਾਇਆ।

1998 ਤੋਂ 2006 ਤੱਕ ਉਨ੍ਹਾਂ ਨੇ ਮਿਊਜ਼ਿਕ ਟਾਈਮ, ਫ਼ਿਲਮ ਐਂਡ ਮਿਊਜ਼ਿਕ, ਸੰਗੀਤ ਦਰਪਣ, ਰਜਨੀ, ਚੜ੍ਹਦੀ ਕਲਾ ਅਤੇ ਆਸ਼ੀਆਨਾ ਵਰਗੀਆਂ ਪ੍ਰਸਿੱਧ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਪੱਤਰਕਾਰ ਵਜੋਂ ਸੇਵਾਵਾਂ ਨਿਭਾਈਆਂ। ਇਸ ਦੌਰਾਨ ਉਨ੍ਹਾਂ ਨੇ ਪੰਜਾਬੀ ਸੰਗੀਤ ਅਤੇ ਸਾਹਿਤ ਨਾਲ ਜੁੜੇ ਅਨੇਕ ਵਿਸ਼ਿਆਂ 'ਤੇ ਲਿਖ ਕੇ ਨਵੀਂ ਸੋਚ ਨੂੰ ਉਤਸ਼ਾਹਿਤ ਕੀਤਾ।

ਸਮਾਜ ਸੇਵਾ ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਅਧਿਆਇ ਹੈ। ਫਰੈਂਡ ਵੈਲਫੇਅਰ ਕਲੱਬ ਸਿਉਣਾ ਦੇ ਬੈਨਰ ਹੇਠ ਉਨ੍ਹਾਂ ਨੇ ਲਗਾਤਾਰ ਅੱਠ ਸਾਲ "ਬਾਬਾ ਖੱਬੀ ਖਾਨ ਯਾਦਗਾਰੀ ਸੱਭਿਆਚਾਰਕ ਮੇਲਾ" ਕਰਵਾਇਆ, ਜਿਸ ਨੇ ਪੰਜਾਬੀ ਸੱਭਿਆਚਾਰ ਨੂੰ ਨਵੀਂ ਤਾਕਤ ਦਿੱਤੀ। 1998 ਤੋਂ 2009 ਤੱਕ ਉਨ੍ਹਾਂ ਨੇ ਮੈਡੀਕਲ ਕੈਂਪ, ਖੂਨਦਾਨ ਕੈਂਪ, ਖੇਡ ਮੇਲੇ ਅਤੇ ਕਈ ਸਮਾਜਿਕ ਸਮਾਗਮ ਕਰਵਾਏ। ਉਹ ਖੁਦ 42 ਵਾਰ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਦਾ ਵਿਲੱਖਣ ਉਦਾਹਰਨ ਪੇਸ਼ ਕਰ ਚੁੱਕੇ ਹਨ।

ਭਾਰਤ ਸਰਕਾਰ ਵੱਲੋਂ ਕਰਵਾਏ ਗਏ ਹੈਂਡੀਕਰਾਫਟ ਮੇਲਿਆਂ ਵਿੱਚ ਭਾਗ ਲੈ ਕੇ ਉਨ੍ਹਾਂ ਨੇ ਪੰਜਾਬੀ ਜੁੱਤੀ ਅਤੇ ਫੁਲਕਾਰੀ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਇਆ। ਮੁੰਬਈ, ਕੋਲਕਾਤਾ, ਚੇਨਈ, ਕੇਰਲ, ਗੁਜਰਾਤ, ਰਾਜਸਥਾਨ, ਜੰਮੂ-ਕਸ਼ਮੀਰ, ਅਸਾਮ, ਮੇਘਾਲਿਆ, ਸਿੱਕਿਮ ਤੋਂ ਲੈ ਕੇ ਦੁਬਈ, ਮਲੇਸ਼ੀਆ, ਸਿੰਗਾਪੁਰ, ਇੰਡੋਨੇਸ਼ੀਆ, ਸਾਊਦੀ ਅਰਬ, ਚੀਨ ਅਤੇ ਥਾਈਲੈਂਡ ਤੱਕ ਉਨ੍ਹਾਂ ਨੇ ਪੰਜਾਬੀ ਵਿਰਾਸਤ ਦੀ ਸ਼ਾਨ ਨੂੰ ਵਿਸ਼ਵ ਪੱਧਰ 'ਤੇ ਪੇਸ਼ ਕੀਤਾ।

ਹਰੀਸ਼ ਹਰਫ਼ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਲੋਕਪ੍ਰਿਯਤਾ ਤੋਂ ਵੱਧ ਗੁਣਵੱਤਾ ਨੂੰ ਮਹੱਤਵ ਦਿੰਦੇ ਹਨ। ਉਨ੍ਹਾਂ ਦੀ ਹਰ ਰਚਨਾ ਵਿੱਚ ਪੰਜਾਬੀ ਭਾਸ਼ਾ ਦੀ ਮਿੱਠਾਸ, ਸੱਭਿਆਚਾਰ ਦੀ ਮਹਿਕ, ਸਮਾਜਿਕ ਚੇਤਨਾ ਅਤੇ ਮਨੁੱਖਤਾ ਦੀ ਸੁਗੰਧ ਮਹਿਸੂਸ ਹੁੰਦੀ ਹੈ। ਉਹ ਮੰਨਦੇ ਹਨ ਕਿ ਇੱਕ ਗੀਤ ਕੇਵਲ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਮਾਜ ਨਾਲ ਸੰਵਾਦ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਹੈ।

ਅੱਜ ਹਰੀਸ਼ ਹਰਫ਼ ਪੰਜਾਬੀ ਸੰਗੀਤ ਅਤੇ ਸਾਹਿਤ ਦੀ ਦੁਨੀਆ ਵਿੱਚ ਇੱਕ ਅਜਿਹੇ ਰਚਨਾਕਾਰ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਆਪਣੀ ਕਲਮ ਨੂੰ ਕਦੇ ਵਿਕਣ ਨਹੀਂ ਦਿੱਤਾ, ਸਗੋਂ ਹਮੇਸ਼ਾ ਸੱਚ, ਸੰਵੇਦਨਾ ਅਤੇ ਸਮਾਜ ਦੀ ਆਵਾਜ਼ ਬਣਾਇਆ। ਉਨ੍ਹਾਂ ਦਾ ਸਫ਼ਰ ਸਾਨੂੰ ਸਿਖਾਉਂਦਾ ਹੈ ਕਿ ਸੱਚੀ ਕਾਮਯਾਬੀ ਪ੍ਰਸਿੱਧੀ ਵਿੱਚ ਨਹੀਂ, ਸਗੋਂ ਆਪਣੇ ਕੰਮ ਰਾਹੀਂ ਲੋਕਾਂ ਦੇ ਦਿਲਾਂ ਵਿੱਚ ਸਥਾਈ ਥਾਂ ਬਣਾਉਣ ਵਿੱਚ ਹੈ।

ਹਰੀਸ਼ ਹਰਫ਼ ਦੀ ਕਲਮ ਅੱਜ ਵੀ ਨਵੇਂ ਸੁਪਨੇ ਲਿਖ ਰਹੀ ਹੈ, ਉਨ੍ਹਾਂ ਦੀ ਆਵਾਜ਼ ਅੱਜ ਵੀ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੀ ਹੈ ਅਤੇ ਉਨ੍ਹਾਂ ਦੇ ਕਰਮ ਅੱਜ ਵੀ ਇਹ ਸੰਦੇਸ਼ ਦੇ ਰਹੇ ਹਨ ਕਿ ਜੇਕਰ ਕਲਾ ਨਾਲ ਇਮਾਨਦਾਰੀ, ਸਮਾਜ ਨਾਲ ਜ਼ਿੰਮੇਵਾਰੀ ਅਤੇ ਜੀਵਨ ਨਾਲ ਮਨੁੱਖਤਾ ਜੁੜ ਜਾਵੇ ਤਾਂ ਇੱਕ ਕਲਾਕਾਰ ਸਮੇਂ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਇਤਿਹਾਸ ਦਾ ਹਿੱਸਾ ਬਣ ਜਾਂਦਾ ਹੈ। ਨਿਸ਼ਚਤ ਤੌਰ 'ਤੇ ਹਰੀਸ਼ ਹਰਫ਼ ਦਾ ਨਾਮ ਉਨ੍ਹਾਂ ਰਚਨਾਕਾਰਾਂ ਵਿੱਚ ਸ਼ੁਮਾਰ ਰਹੇਗਾ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ, ਸਾਹਿਤ, ਸੰਗੀਤ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਕੀਤਾ।



ਰਮੇਸ਼ਵਰ ਸਿੰਘ

# ਅੰਗਦਾਨ: ਮੌਤ ਤੋਂ ਬਾਅਦ ਵੀ ਜ਼ਿੰਦਗੀ ਬਖ਼ਸ਼ਣ ਦਾ ਮਹਾਨ ਮਨੁੱਖੀ ਉਪਰਾਲਾ

ਆਧੁਨਿਕ ਸਿਹਤ ਵਿਗਿਆਨ ਨੇ ਅਨੇਕਾਂ ਅਸੰਭਵ ਦਿਖਾਈ ਦੇਣ ਵਾਲੀਆਂ ਚੁਣੌਤੀਆਂ ਨੂੰ ਸੰਭਵ ਬਣਾ ਦਿੱਤਾ ਹੈ। ਫਿਰ ਵੀ ਇੱਕ ਸੱਚ ਅੱਜ ਵੀ ਅਟੱਲ ਹੈ ਕਿ ਮਨੁੱਖ ਦੇ ਦਿਲ, ਜਿਗਰ, ਗੁਰਦੇ, ਫੇਫੜੇ, ਪੈਨਕ੍ਰਿਆਜ਼ ਜਾਂ ਅੱਖਾਂ ਦੀਆਂ ਕਾਰਨੀਆਂ ਵਰਗੇ ਜੀਵਨ-ਰੱਖਿਅਕ ਅੰਗ ਕਿਸੇ ਪ੍ਰਯੋਗਸ਼ਾਲਾ ਵਿੱਚ ਤਿਆਰ ਨਹੀਂ ਕੀਤੇ ਜਾ ਸਕਦੇ। ਜਦੋਂ ਇਹ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤਾਂ ਮਰੀਜ਼ ਲਈ ਇੱਕੋ-ਇੱਕ ਉਮੀਦ ਕਿਸੇ ਦੂਜੇ ਮਨੁੱਖ ਵੱਲੋਂ ਕੀਤਾ ਗਿਆ ਅੰਗਦਾਨ ਹੁੰਦਾ ਹੈ। ਇਸ ਲਈ ਅੰਗਦਾਨ ਕੇਵਲ ਇੱਕ ਡਾਕਟਰੀ ਪ੍ਰਕਿਰਿਆ ਨਹੀਂ, ਸਗੋਂ ਮਨੁੱਖਤਾ, ਦਇਆ, ਨਿਸ਼ਕਾਮ ਸੇਵਾ ਅਤੇ ਪਰਉਪਕਾਰ ਦੀ ਸਰਵੋਤਮ ਮਿਸਾਲ ਹੈ। ਇਹ ਅਜਿਹਾ ਅਨਮੋਲ ਤੋਹਫ਼ਾ ਹੈ ਜੋ ਸਿਰਫ਼ ਜੀਵਨ ਨੂੰ ਸੁਚੱਜਾ ਨਹੀਂ ਬਣਾਉਂਦਾ, ਸਗੋਂ ਨਵਾਂ ਜੀਵਨ ਬਖ਼ਸ਼ਦਾ ਹੈ।




ਅੰਗਦਾਨ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਕੋਈ ਸਿਹਤਮੰਦ ਵਿਅਕਤੀ ਆਪਣੀ ਇੱਛਾ ਨਾਲ ਇੱਕ ਜਾਂ ਇੱਕ ਤੋਂ ਵੱਧ ਅੰਗ ਜਾਂ ਟਿਸ਼ੂ ਅਜਿਹੇ ਮਰੀਜ਼ਾਂ ਨੂੰ ਦਾਨ ਕਰਦਾ ਹੈ ਜੋ ਅੰਗ ਫੇਲ੍ਹ ਹੋਣ ਕਾਰਨ ਜੀਵਨ-ਮੌਤ ਦੀ ਲੜਾਈ ਲੜ ਰਹੇ ਹੁੰਦੇ ਹਨ। ਇਹ ਦਾਨ ਜੀਵਿਤ ਅਵਸਥਾ ਵਿੱਚ ਵੀ ਕੀਤਾ ਜਾ ਸਕਦਾ ਹੈ, ਜਿਵੇਂ ਇੱਕ ਗੁਰਦਾ ਜਾਂ ਜਿਗਰ ਦਾ ਕੁਝ ਹਿੱਸਾ ਦਾਨ ਕਰਨਾ, ਅਤੇ ਮੌਤ ਤੋਂ ਬਾਅਦ ਵੀ ਕਈ ਅੰਗ ਅਤੇ ਟਿਸ਼ੂ ਦਾਨ ਕਰਕੇ ਅਨੇਕਾਂ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ।

ਅੰਗ ਪ੍ਰਤਿਆਰੋਪਣ ਦੇ ਖੇਤਰ ਵਿੱਚ ਆਈ ਕ੍ਰਾਂਤੀ ਨੇ ਹਜ਼ਾਰਾਂ ਲੋਕਾਂ ਨੂੰ ਨਵਾਂ ਜੀਵਨ ਦਿੱਤਾ ਹੈ। ਅੱਜ ਗੁਰਦਿਆਂ ਦੀ ਅਸਫਲਤਾ, ਜਿਗਰ ਦੇ ਗੰਭੀਰ ਰੋਗ, ਜਨਮਜਾਤ ਦਿਲ ਦੀਆਂ ਬਿਮਾਰੀਆਂ, ਫੇਫੜਿਆਂ ਦੀਆਂ ਗੰਭੀਰ ਸਮੱਸਿਆਵਾਂ ਅਤੇ ਕਈ ਜੈਨੇਟਿਕ ਰੋਗਾਂ ਨਾਲ ਪੀੜਤ ਮਰੀਜ਼ ਸਫ਼ਲ ਅੰਗ ਪ੍ਰਤਿਆਰੋਪਣ ਰਾਹੀਂ ਸਿਹਤਮੰਦ ਅਤੇ ਸਰਗਰਮ ਜੀਵਨ ਬਤੀਤ ਕਰ ਰਹੇ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿੰਨੇ ਮਰੀਜ਼ਾਂ ਨੂੰ ਅੰਗਾਂ ਦੀ ਲੋੜ ਹੈ, ਉਨ੍ਹਾਂ ਦੇ ਮੁਕਾਬਲੇ ਦਾਨੀ ਬਹੁਤ ਘੱਟ ਹਨ।ਸ਼ੂਗਰ, ਉੱਚ ਖੂਨ ਦਬਾਅ ਅਤੇ ਹੋਰ ਗੰਭੀਰ ਬਿਮਾਰੀਆਂ ਦੇ ਵੱਧਦੇ ਪ੍ਰਕੋਪ ਕਾਰਨ ਅੰਗਾਂ ਦੇ ਫੇਲ੍ਹ ਹੋਣ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਅਜਿਹੇ ਹਜ਼ਾਰਾਂ ਮਰੀਜ਼ ਹਰ ਸਾਲ ਸਿਰਫ਼ ਇਸ ਲਈ ਦਮ ਤੋੜ ਦਿੰਦੇ ਹਨ ਕਿਉਂਕਿ ਸਮੇਂ ਸਿਰ ਉਨ੍ਹਾਂ ਨੂੰ ਯੋਗ ਦਾਨੀ ਨਹੀਂ ਮਿਲਦਾ। ਇਹ ਘਾਟ ਡਾਕਟਰੀ ਮਾਹਿਰਾਂ ਜਾਂ ਤਕਨੀਕ ਦੀ ਨਹੀਂ, ਸਗੋਂ ਅੰਗਦਾਨ ਪ੍ਰਤੀ ਜਾਗਰੂਕਤਾ ਅਤੇ ਸਮਾਜਕ ਭਾਗੀਦਾਰੀ ਦੀ ਹੈ। ਇੱਕ ਮ੍ਰਿਤਕ ਦਾਨੀ ਆਪਣੇ ਦਿਲ, ਜਿਗਰ, ਦੋਵੇਂ ਗੁਰਦੇ, ਫੇਫੜੇ, ਪੈਨਕ੍ਰਿਆਜ਼ ਅਤੇ ਹੋਰ ਅੰਗ ਦਾਨ ਕਰਕੇ ਕਈ ਲੋਕਾਂ ਦੀ ਜਾਨ ਬਚਾ ਸਕਦਾ ਹੈ। ਇਸ ਤੋਂ ਇਲਾਵਾ ਕਾਰਨੀਆਂ, ਚਮੜੀ, ਹੱਡੀਆਂ, ਦਿਲ ਦੇ ਵਾਲਵ ਅਤੇ ਹੋਰ ਟਿਸ਼ੂ ਦਾਨ ਕਰਕੇ ਅਨੇਕਾਂ ਵਿਅਕਤੀਆਂ ਦੀ ਜ਼ਿੰਦਗੀ ਦੀ ਗੁਣਵੱਤਾ ਵਿੱਚ ਵੀ ਸੁਧਾਰ ਲਿਆਇਆ ਜਾ ਸਕਦਾ ਹੈ।

ਅੰਗਦਾਨ ਦਾ ਮਹੱਤਵ ਸਿਰਫ਼ ਡਾਕਟਰੀ ਪੱਖ ਤੱਕ ਸੀਮਿਤ ਨਹੀਂ ਹੈ। ਇਹ ਮਨੁੱਖੀ ਕਦਰਾਂ-ਕੀਮਤਾਂ ਦੀ ਉੱਚੀ ਮਿਸਾਲ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਮਨੁੱਖ ਆਪਣੀ ਮੌਤ ਤੋਂ ਬਾਅਦ ਵੀ ਸਮਾਜ ਦੀ ਸੇਵਾ ਕਰ ਸਕਦਾ ਹੈ। ਇਸ ਵਿੱਚ ਨਾ ਕੋਈ ਧਰਮ, ਨਾ ਜਾਤ, ਨਾ ਭਾਸ਼ਾ, ਨਾ ਲਿੰਗ ਅਤੇ ਨਾ ਹੀ ਆਰਥਿਕ ਹੈਸਿਅਤ ਰੁਕਾਵਟ ਬਣਦੀ ਹੈ। ਦਾਨ ਕੀਤਾ ਗਿਆ ਅੰਗ ਕਿਸੇ ਨਾਲ ਭੇਦਭਾਵ ਨਹੀਂ ਕਰਦਾ; ਉਹ ਸਿਰਫ਼ ਇੱਕ ਹੋਰ ਮਨੁੱਖ ਨੂੰ ਜੀਵਨ ਜਿਉਣ ਦਾ ਮੌਕਾ ਦਿੰਦਾ ਹੈ।

ਅੰਗਦਾਨ ਦੇ ਅਨੇਕਾਂ ਲਾਭ ਹਨ। ਇਹ ਬੇਸ਼ੁਮਾਰ ਜ਼ਿੰਦਗੀਆਂ ਬਚਾਉਂਦਾ ਹੈ, ਅੰਗ ਫੇਲ੍ਹ ਹੋਣ ਕਾਰਨ ਪੀੜਤ ਮਰੀਜ਼ਾਂ ਨੂੰ ਆਮ ਜੀਵਨ ਵੱਲ ਵਾਪਸ ਲਿਆਉਂਦਾ ਹੈ, ਡਾਇਲਿਸਿਸ ਵਰਗੇ ਲੰਬੇ ਅਤੇ ਮਹਿੰਗੇ ਇਲਾਜਾਂ ਦੀ ਲੋੜ ਘਟਾਉਂਦਾ ਹੈ, ਨਿਰਾਸ਼ ਪਰਿਵਾਰਾਂ ਵਿੱਚ ਨਵੀਂ ਆਸ ਜਗਾਉਂਦਾ ਹੈ ਅਤੇ ਸਿਹਤ ਵਿਗਿਆਨ ਖੋਜ ਤੇ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਦਾ ਹੈ।

ਦੁੱਖ ਦੀ ਗੱਲ ਹੈ ਕਿ ਅੱਜ ਵੀ ਕਈ ਭਰਮ ਅਤੇ ਗਲਤ ਧਾਰਨਾਵਾਂ ਲੋਕਾਂ ਨੂੰ ਅੰਗਦਾਨ ਕਰਨ ਤੋਂ ਰੋਕਦੀਆਂ ਹਨ। ਕੁਝ ਲੋਕ ਸਮਝਦੇ ਹਨ ਕਿ ਜੇਕਰ ਉਹ ਅੰਗਦਾਨ ਲਈ ਰਜਿਸਟਰਡ ਹੋਣਗੇ ਤਾਂ ਡਾਕਟਰ ਉਨ੍ਹਾਂ ਦੀ ਜਾਨ ਬਚਾਉਣ ਲਈ ਪੂਰੀ ਕੋਸ਼ਿਸ਼ ਨਹੀਂ ਕਰਨਗੇ। ਇਹ ਧਾਰਨਾ ਪੂਰੀ ਤਰ੍ਹਾਂ ਗਲਤ ਹੈ। ਹਰ ਡਾਕਟਰੀ ਟੀਮ ਦਾ ਪਹਿਲਾ ਅਤੇ ਸਭ ਤੋਂ ਵੱਡਾ ਫ਼ਰਜ਼ ਮਰੀਜ਼ ਦੀ ਜਾਨ ਬਚਾਉਣਾ ਹੁੰਦਾ ਹੈ। ਅੰਗਦਾਨ ਬਾਰੇ ਵਿਚਾਰ ਸਿਰਫ਼ ਉਦੋਂ ਹੀ ਕੀਤਾ ਜਾਂਦਾ ਹੈ ਜਦੋਂ ਮੌਤ ਦੀ ਡਾਕਟਰੀ ਅਤੇ ਕਾਨੂੰਨੀ ਪੁਸ਼ਟੀ ਹੋ ਚੁੱਕੀ ਹੋਵੇ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਵੱਧ ਉਮਰ ਜਾਂ ਕੁਝ ਬਿਮਾਰੀਆਂ ਹੋਣ ਕਾਰਨ ਉਹ ਅੰਗਦਾਨ ਨਹੀਂ ਕਰ ਸਕਦੇ। ਹਕੀਕਤ ਇਹ ਹੈ ਕਿ ਅੰਗਾਂ ਦੀ ਯੋਗਤਾ ਦਾ ਫ਼ੈਸਲਾ ਮਾਹਿਰ ਡਾਕਟਰ ਦਾਨ ਦੇ ਸਮੇਂ ਕਰਦੇ ਹਨ ਅਤੇ ਕਈ ਬਜ਼ੁਰਗ ਵਿਅਕਤੀਆਂ ਦੇ ਅੰਗ ਅਤੇ ਟਿਸ਼ੂ ਵੀ ਸਫ਼ਲਤਾਪੂਰਵਕ ਵਰਤੇ ਗਏ ਹਨ। ਧਾਰਮਿਕ ਸੰਕੋਚ ਵੀ ਕਈ ਪਰਿਵਾਰਾਂ ਨੂੰ ਅੰਗਦਾਨ ਤੋਂ ਰੋਕਦੇ ਹਨ, ਜਦਕਿ ਸੰਸਾਰ ਦੇ ਜ਼ਿਆਦਾਤਰ ਪ੍ਰਮੁੱਖ ਧਰਮ ਅੰਗਦਾਨ ਨੂੰ ਮਨੁੱਖਤਾ ਦੀ ਸੇਵਾ, ਦਇਆ ਅਤੇ ਪੁੰਨ ਦਾ ਮਹਾਨ ਕਾਰਜ ਮੰਨਦੇ ਹਨ ਕਿਉਂਕਿ ਇਸ ਨਾਲ ਕਿਸੇ ਦੀ ਜਾਨ ਬਚਾਈ ਜਾਂਦੀ ਹੈ।ਅੰਗਦਾਨ ਨੂੰ ਲੋਕ ਅੰਦੋਲਨ ਬਣਾਉਣ ਲਈ ਸਰਕਾਰਾਂ, ਸਿਹਤ ਸੰਸਥਾਵਾਂ, ਵਿੱਦਿਅਕ ਅਦਾਰਿਆਂ, ਸਮਾਜਿਕ ਸੰਸਥਾਵਾਂ, ਧਾਰਮਿਕ ਆਗੂਆਂ ਅਤੇ ਮੀਡੀਆ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਵਿਆਪਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ, ਦਾਨੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸਰਲ ਬਣਾਈ ਜਾਵੇ, ਹਸਪਤਾਲਾਂ ਵਿੱਚ ਟਰਾਂਸਪਲਾਂਟ ਕੋਆਰਡੀਨੇਟਰ ਨਿਯੁਕਤ ਕੀਤੇ ਜਾਣ ਅਤੇ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਵਿੱਚ ਅੰਗਦਾਨ ਸੰਬੰਧੀ ਜਾਣਕਾਰੀ ਨੂੰ ਸ਼ਾਮਲ ਕੀਤਾ ਜਾਵੇ।

ਇਸ ਤੋਂ ਵੀ ਵੱਧ ਮਹੱਤਵਪੂਰਨ ਇਹ ਹੈ ਕਿ ਹਰ ਵਿਅਕਤੀ ਆਪਣੇ ਪਰਿਵਾਰ ਨਾਲ ਅੰਗਦਾਨ ਕਰਨ ਦੀ ਇੱਛਾ ਬਾਰੇ ਖੁੱਲ੍ਹ ਕੇ ਗੱਲਬਾਤ ਕਰੇ ਤਾਂ ਜੋ ਸਮਾਂ ਆਉਣ 'ਤੇ ਉਸ ਦੀ ਆਖ਼ਰੀ ਇੱਛਾ ਦਾ ਸਤਿਕਾਰ ਕੀਤਾ ਜਾ ਸਕੇ। ਧਨ-ਦੌਲਤ ਅਤੇ ਜਾਇਦਾਦ ਮਨੁੱਖ ਦੇ ਨਾਲ ਨਹੀਂ ਜਾਂਦੇ, ਪਰ ਦਾਨ ਕੀਤੇ ਅੰਗ ਮੌਤ ਤੋਂ ਬਾਅਦ ਵੀ ਧੜਕਦੇ ਰਹਿੰਦੇ ਹਨ, ਸਾਹ ਲੈਂਦੇ ਰਹਿੰਦੇ ਹਨ ਅਤੇ ਕਿਸੇ ਹੋਰ ਦੀ ਜ਼ਿੰਦਗੀ ਨੂੰ ਰੌਸ਼ਨ ਕਰਦੇ ਰਹਿੰਦੇ ਹਨ। ਦਾਨ ਕੀਤਾ ਦਿਲ ਕਿਸੇ ਦੀ ਛਾਤੀ ਵਿੱਚ ਧੜਕਦਾ ਹੈ, ਦਾਨ ਕੀਤਾ ਗੁਰਦਾ ਕਿਸੇ ਨੂੰ ਸਾਲਾਂ ਦੀ ਡਾਇਲਿਸਿਸ ਤੋਂ ਮੁਕਤੀ ਦਿਵਾਉਂਦਾ ਹੈ ਅਤੇ ਦਾਨ ਕੀਤੀਆਂ ਕਾਰਨੀਆਂ ਕਿਸੇ ਦੀਆਂ ਅੱਖਾਂ ਵਿੱਚ ਦੁਬਾਰਾ ਰੌਸ਼ਨੀ ਭਰ ਦਿੰਦੀਆਂ ਹਨ। ਹਰ ਅੰਗਦਾਨ ਇਹ ਸੰਦੇਸ਼ ਦਿੰਦਾ ਹੈ ਕਿ ਇੱਕ ਮਨੁੱਖ ਦੀ ਜ਼ਿੰਦਗੀ ਅਨੇਕਾਂ ਹੋਰ ਜ਼ਿੰਦਗੀਆਂ ਦੀ ਉਮੀਦ ਬਣ ਸਕਦੀ ਹੈ।

ਅਸਲ ਮਹਾਨਤਾ ਇਸ ਗੱਲ ਵਿੱਚ ਨਹੀਂ ਕਿ ਅਸੀਂ ਆਪਣੇ ਲਈ ਕਿੰਨਾ ਇਕੱਠਾ ਕੀਤਾ, ਸਗੋਂ ਇਸ ਵਿੱਚ ਹੈ ਕਿ ਅਸੀਂ ਦੂਜਿਆਂ ਲਈ ਕੀ ਛੱਡ ਕੇ ਗਏ। ਅੰਗਦਾਨ ਇਸੀ ਉੱਚੀ ਸੋਚ ਦਾ ਪ੍ਰਤੀਕ ਹੈ। ਇਹ ਦੁੱਖ ਨੂੰ ਆਸ ਵਿੱਚ, ਨਿਰਾਸ਼ਾ ਨੂੰ ਇਲਾਜ ਵਿੱਚ ਅਤੇ ਮੌਤ ਨੂੰ ਨਵੀਂ ਜ਼ਿੰਦਗੀ ਵਿੱਚ ਬਦਲਣ ਦੀ ਅਦਭੁੱਤ ਸਮਰੱਥਾ ਰੱਖਦਾ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਅੰਗਦਾਨ ਬਾਰੇ ਵਿਗਿਆਨਕ ਜਾਣਕਾਰੀ ਪ੍ਰਾਪਤ ਕਰੀਏ, ਭਰਮਾਂ ਨੂੰ ਤਿਆਗ ਕੇ ਆਪਣੇ ਪਰਿਵਾਰ ਅਤੇ ਸਮਾਜ ਵਿੱਚ ਇਸ ਪ੍ਰਤੀ ਜਾਗਰੂਕਤਾ ਫੈਲਾਈਏ। ਜੇਕਰ ਅਸੀਂ ਅੰਗਦਾਨ ਦਾ ਸੰਕਲਪ ਲੈਂਦੇ ਹਾਂ ਤਾਂ ਅਸੀਂ ਅਜਿਹੀ ਵਿਰਾਸਤ ਛੱਡ ਕੇ ਜਾਂਦੇ ਹਾਂ ਜੋ ਸਾਡੀ ਉਮਰ ਨਾਲ ਨਹੀਂ, ਸਗੋਂ ਸਾਡੇ ਦੁਆਰਾ ਬਚਾਈਆਂ ਗਈਆਂ ਜ਼ਿੰਦਗੀਆਂ ਨਾਲ ਮਾਪੀ ਜਾਂਦੀ ਹੈ। ਅਸਲ ਵਿੱਚ, ਇੱਕ ਮਨੁੱਖ ਵੱਲੋਂ ਦੂਜੇ ਮਨੁੱਖ ਨੂੰ ਦਿੱਤਾ ਜਾ ਸਕਣ ਵਾਲਾ ਸਭ ਤੋਂ ਕੀਮਤੀ ਤੋਹਫ਼ਾ ਧਨ ਜਾਂ ਸ਼ੋਹਰਤ ਨਹੀਂ, ਸਗੋਂ ਜੀਵਨ ਦਾ ਅਨਮੋਲ ਤੋਹਫ਼ਾ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ,**
**ਪੰਜਾਬ।**

# ਭਾਸ਼ਾ ਵਿਭਾਗ ਦੇ ਬੰਦ ਹੋਣ ਦੀ ਸੰਭਾਵਨਾ ਦਾ ਇਕ ਕਾਰਨ ਇਸਦੀ ਫਜ਼ੂਲ ਖਰਚੀ ਅਤੇ ਪੰਜਾਬੀ ਭਾਸ਼ਾ ਪ੍ਰਤੀ ਲਾਪਰਵਾਹੀ ਵੀ

**ਪਿਛਲੇ** ਦਿਨੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਸਾਹਿਬ ਵੱਲੋਂ ਸੋਸ਼ਲ ਮੀਡੀਆ ਤੇ ਇੱਕ ਪੋਸਟ ਪਾ ਕੇ ਪੰਜਾਬੀਆਂ ਨੂੰ ਸੂਚਿਤ ਕੀਤਾ ਗਿਆ ਕਿ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦੀ ਇਕ ਲਾਬੀ ਭਾਸ਼ਾ ਵਿਭਾਗ ਨੂੰ ਬੰਦ ਕਰਨ ਦੀ ਸਾਜਿਸ਼ ਘੜ ਰਹੀ ਹੈ। ਪੋਸਟ ਵਿੱਚ ਇਹ ਵੀ ਕਿਹਾ ਗਿਆ ਕਿ ਇਹ ਉੱਚ ਅਧਿਕਾਰੀ ਜਾਣ ਬੁੱਝ ਕੇ ਭਾਸ਼ਾ ਵਿਭਾਗ ਨੂੰ ਲੋੜੀਂਦਾ ਧਨ ਉਪਲਬਧ ਨਹੀਂ ਕਰਵਾ ਰਹੇ। ਧਨ ਦੀ ਘਾਟ ਕਾਰਨ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਆਰੰਭੀਆਂ ਯੋਜਨਾਵਾਂ ਸਿਰੇ ਨਹੀਂ ਚੜ੍ਹ ਰਹੀਆਂ।

ਭਾਸ਼ਾ ਵਿਭਾਗ ਵੱਲੋਂ ਕਿਹੜੇ ਕਿਹੜੇ ਉੱਚ ਅਧਿਕਾਰੀ ਦੇ ਦਫ਼ਤਰ ਵਿੱਚ ਪੰਜਾਬੀ ਲਾਗੂ ਕਰਵਾਉਣ ਦੇ ਯਤਨ ਕੀਤੇ ਗਏ, ਜਿਸ ਕਾਰਨ ਅਧਿਕਾਰੀ ਨਰਾਜ਼ ਹੋਏ, ਇਸ ਬਾਰੇ ਨਾ ਨਿਰਦੇਸ਼ਕ ਸਾਹਿਬ ਨੇ ਕੋਈ ਜਾਣਕਾਰੀ ਸਾਂਝੀ ਕੀਤੀ ਹੈ ਅਤੇ ਨਾ ਹੀ ਕਿਧਰੋਂ ਸਾਨੂੰ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ। ਦੂਜੇ ਪਾਸੇ ਪਿਛਲੇ ਸਾਲ ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਨੂੰ ਦਿੱਤੀ ਗਈ ਖੁੱਲੀ ਵਿਤੀ ਸਹਾਇਤਾ ਦੀ ਇੱਕ ਉਦਾਹਰਣ ਸਾਡੇ ਕੋਲ ਹੈ।

ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਰਾਹੀਂ ਪੰਜਾਬੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਆਪਣੀ ਬੋਲੀ, ਵਿਰਸੇ ਅਤੇ ਸੱਭਿਆਚਾਰ ਲਾਲ ਜੋੜਨ ਲਈ ਸੂਬੇ ਤੋਂ ਬਾਹਰ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ। ਸਾਲ 2024 ਤੱਕ ਅਜਿਹੇ 31 ਸਮਾਗਮ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿੱਚ ਕਰਵਾਏ ਜਾ ਚੁੱਕੇ ਹਨ। ਇਹਨਾਂ ਸ਼ਹਿਰਾਂ ਵਿੱਚ ਮੁੰਬਈ, ਬੰਗਲੌਰ, ਜੈਪੁਰ, ਉਦੇਪੁਰ, ਨਾਗਪੁਰ, ਡੇਹਰਾਦੂਨ, ਜਬਲਪੁਰ, ਸ਼ਿਮਲਾ ਅਤੇ ਸ੍ਰੀਨਗਰ ਸ਼ਾਮਿਲ ਹਨ।

ਭਾਸ਼ਾ ਵਿਭਾਗ ਵੱਲੋਂ ਇਸ ਲੜੀ ਦਾ 32ਵਾਂ 'ਸਾਹਿਤਕ ਤੇ ਸੱਭਿਆਚਾਰਕ ਸਮਾਗਮ' 23 ਅਤੇ 24 ਜੁਲਾਈ ਨੂੰ ਸ੍ਰੀਨਗਰ ਵਿੱਚ ਰੱਖਣ ਦਾ ਫੈਸਲਾ ਕੀਤਾ ਗਿਆ। ਇਹ ਸਮਾਗਮ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ।

ਨਿਰਦੇਸ਼ਕ ਭਾਸ਼ਾ ਵਿਭਾਗ ਵੱਲੋਂ ਮਿਤੀ 17 ਜੂਨ 2025 ਨੂੰ ਇਸ ਸਮਾਗਮ ਤੇ ਹੋਣ ਵਾਲੇ 10 ਲੱਖ ਰੁਪਏ ਖਰਚੇ ਦੀ ਤਜਵੀਜ਼ ਪੰਜਾਬ ਸਰਕਾਰ ਨੂੰ ਮਨਜ਼ੂਰੀ ਲਈ ਭੇਜੀ ਗਈ।

ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਗਿਆ।

"ਦੋ ਦਿਨਾਂ ਸਮਾਗਮ ਲਈ ਅਨੁਮਾਨਿਤ ਖ਼ਰਚਿਆਂ ਦੇ ਵੇਰਵਿਆਂ ਦੀ ਤਜਵੀਜ਼ ਨਿਮਨ ਅਨੁਸਾਰ ਹੈ:

(ੳ) ਪਹਿਲਾ ਦਿਨ

---------------------------

1.ਗੋਸ਼ਟੀ (ਸਵੇਰ)

(ੳ) ਦੋ ਵਿਸ਼ਾ ਮਾਹਿਰਾਂ ਦਾ ਸੇਵਾ ਫਲ: 10,000/ ਰੁਪਏ.

(ਅ) ਇਨਾਮ/ ਸਨਮਾਨ/ ਫਲੈਕਸ /ਬੁੱਕੇ/ ਸਾਊਂਡ ਆਦਿ: 50,000/ ਰੁਪਏ

(ੲ) ਨਾਸ਼ਤਾ ਅਤੇ ਦੁਪਹਿਰ ਦਾ ਖਾਣਾ (100 ਵਿਅਕਤੀ× 400): 40,000/ ਰੁਪਏ

---------------------

2. ਕਵੀ ਦਰਬਾਰ

(ੳ) ਕਵੀਆਂ ਦਾ ਸੇਵਾਫਲ 15-3000: 45,000/ ਰੁਪਏ

(ਅ) ਰਾਤ ਦਾ ਖਾਣਾ ਸੌ ਵਿਅਕਤੀ 250 25 ਹਜਾਰ

(ੲ) ਇਨਾਮ/ ਸਨਮਾਨ/ ਫਲੈਕਸ/ ਬੁੱਕੇ/ ਸਾਊਂਡ ਆਦਿ: 50,000/ ਰੁਪਏ

-------------

ਕੁੱਲ ਜੋੜ 2.20.000/ ਰੁਪਏ

-----------------

(ਅ) ਦੂਸਰਾ ਦਿਨ

---------------------

ਸੂਫੀ ਗਾਇਕੀ ਦਰਬਾਰ:

(ੳ) ਗਾਇਕ ਬੀਰ ਸਿੰਘ ਦਾ ਸੇਵਾਫਲ (ਸਾਊਂਡ ਖਰਚ ਸਮੇਤ): 4,00,000/ ਰੁਪਏ

(ਅ) ਨਾਸ਼ਤਾ ਤੇ ਦੁਪਹਿਰ ਦਾ ਖਾਣਾ (100 ਵਿਅਕਤੀ×400): 40,000/ ਰੁਪਏ

(ੲ) ਇਨਾਮ/ਸਨਮਾਨ/ਫਲੈਕਸ ਬੁੱਕੇ/ ਆਦਿ: 20,000/ ਰੁਪਏ

----------------

ਕੁਲ ਜੋੜ: 4, 60,000/ ਰੁਪਏ

--------------

ਸਮਾਗਮ ਦੇ ਪ੍ਰਬੰਧਾਂ ਲਈ ਖਰਚ

(ੳ) ਵਿਭਾਗੀ ਅਧਿਕਾਰੀਆਂ/ਕਰਮਚਾਰੀਆਂ ਤੇ ਡੈਲੀਗੇਟਾਂ ਦਾ ਆਉਣ ਜਾਣ ਦਾ ਕਿਰਾਇਆ (30 ਵਿਅਕਤੀ): 1,20,000/ ਰੁਪਏ

(ਅ) ਵਿਭਾਗੀ ਅਧਿਕਾਰੀਆਂ /ਕਰਮਚਾਰੀਆਂ ਤੇ ਡੈਲੀਗੇਟਸ ਦੀ ਰਿਹਾਇਸ਼ ਦਾ ਖਰਚ ਤੇ ਖਾਣਾ (30 ਵਿਅਕਤੀ ਦੋ ਰਾਤਾਂ): 1,00,000/ ਰੁਪਏ

(ੲ) ਵੀਡੀਓਗ੍ਰਾਫੀ/ਫੋਟੋਗਰਾਫੀ/ਲਾਈਵ: 40,000/ ਰੁਪਏ

(ਸ) ਫੁਟਕਲ: 60,000/ ਰੁਪਏ

-------------

ਕੁੱਲ ਜੋੜ: 3,20,000/ ਰੁਪਏ

-------------

ਸਮੁੱਚੇ (ਦੋ ਰੋਜ਼ਾ) ਸਮਾਗਮ ਦੇ ਖਰਚ ਦਾ ਕੁੱਲ ਜੋੜ: 10,00,000/ ਰੁਪਏ

---------------------

ਪੰਜਾਬ ਸਰਕਾਰ ਵੱਲੋਂ ਇਹ ਤਜ਼ਵੀਜ ਇਨ ਬਿਨ ਮਨਜ਼ੂਰ ਕਰ ਲਈ ਗਈ।

ਉਂਝ ਤਾਂ ਭਾਸ਼ਾ ਵਿਭਾਗ ਵੱਲੋਂ ਪੇਸ਼ ਕੀਤੀ ਗਈ ਤਜਵੀਜ ਤੋਂ ਹੀ ਫਜ਼ੂਲ ਖਰਚੀ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਫੇਰ ਵੀ ਸਥਿਤੀ ਨੂੰ ਹੋਰ ਸਪਸ਼ਟ ਕਰਨ ਲਈ ਭਾਸ਼ਾ ਵਿਭਾਗ ਵਲੋਂ ਇਹ ਰਕਮ ਕਿਵੇਂ ਆਪਣੇ ਮਿੱਤਰ ਪਿਆਰਿਆਂ ਨੂੰ ਖੁਸ਼ ਕਰਨ ਲਈ ਖ਼ਰਚ ਕੀਤੀ ਗਈ ਇਸ ਦੇ ਕੁੱਝ ਵੇਰਵੇ ਸਾਂਝੇ ਕੀਤੇ ਜਾ ਰਹੇ ਹਨ।

ਭਾਸ਼ਾ ਵਿਭਾਗ ਵੱਲੋਂ ਦੋ ਦਰਜਨ 'ਮੁੱਖ ਵਕਤਾਵਾਂ, ਕਵੀਆਂ ਅਤੇ ਸਾਹਿਤਕਾਰਾਂ' ਨੂੰ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੁਲਾਇਆ ਗਿਆ। ਇਨਾਂ ਵਿੱਚੋਂ 12 ਮਹਿਮਾਨ ਪੰਜਾਬ ਦੇ, ਪੰਜ ਜੰਮੂ ਦੇ ਅਤੇ ਸੱਤ ਸ੍ਰੀਨਗਰ ਦੇ ਸਨ। ਸ਼ਾਇਦ ਜੰਮੂ ਕਸ਼ਮੀਰ ਵਿੱਚ ਮਿਆਰੀ ਵੀਡੀਓ-ਗਰਾਫਰ ਅਤੇ ਫੋਟੋਗ੍ਰਾਫਰ ਉਪਲਬਧ ਨਹੀਂ ਹਨ। ਇਸ ਲਈ ਇਕ ਫੋਟੋਗ੍ਰਾਫਰ ਅਤੇ ਇੱਕ ਵੀਡੀਓ-ਗਰਾਫਰ ਨੂੰ ਇਧਰੋਂ (ਸ਼ਾਇਦ ਪਟਿਆਲੇ ਤੋਂ) ਹੀ ਨਾਲ ਲਿਜਾਇਆ ਗਿਆ। 100 ਸਥਾਨਕ, ਭਾਵ ਸ੍ਰੀਨਗਰ ਦੇ ਡੈਲੀਗੇਟਾਂ ਨੂੰ ਵੀ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ।

ਭਾਸ਼ਾ ਵਿਭਾਗ ਦੇ ਇੱਕ ਦਸਤਾਵੇਜ਼ ਅਨੁਸਾਰ ਇਨ੍ਹਾਂ ਮਹਿਮਾਨਾਂ ਨੂੰ ਸ੍ਰੀਨਗਰ ਦੇ ਆਲ ਬਰਾਕ ਅਤੇ ਬਲੂਮ ਹੋਟਲਾਂ ਵਿੱਚ ਠਹਿਰਾਇਆ ਗਿਆ । ਕਵੀਆਂ ਅਤੇ ਸਥਾਨਕ ਡੈਲੀਗੇਟਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਲੱਖਾਂ ਦੇ ਸੇਵਾਫਲ ਅਤੇ ਸਫ਼ਰ ਭੱਤੇ ਦਿੱਤੇ ਗਏ।

ਹੈਰਾਨੀ ਜਨਕ ਗੱਲ ਇਹ ਸੀ ਕਿ ਇਸ ਸਮਾਗਮ ਵਿੱਚ ਭਾਸ਼ਾ ਵਿਭਾਗ ਵੱਲੋਂ ਆਪਣੇ ਵਿਭਾਗ ਦੇ 30 ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ੍ਰੀਨਗਰ ਲਿਜਾਇਆ ਗਿਆ। ਨਿਰਦੇਸ਼ਕ, ਇੱਕ ਸਹਾਇਕ ਨਿਰਦੇਸ਼ਕ ਅਤੇ ਇਕ ਜ਼ਿਲ੍ਹਾ ਭਾਸ਼ਾ ਅਫਸਰ ਤੋਂ ਬਿਨਾਂ ਇਨ੍ਹਾਂ ਵਿੱਚ ਚਾਰ ਖ਼ੋਜ ਅਫਸਰ, ਚਾਰ ਸੀਨੀਅਰ ਸਹਾਇਕ, ਪੰਜ ਜੂਨੀਅਰ ਸਹਾਇਕ, ਪੰਜ ਕਲਰਕ ਅਤੇ ਪੰਜ ਸੇਵਾਦਾਰ ਸ਼ਾਮਲ ਸਨ। ਇੱਥੇ ਹੀ ਵੱਸ ਨਹੀਂ ਇੱਕ ਜੂਨੀਅਰ ਸਕੇਲ ਸਟੈਨੋਗਰਾਫਰ, ਇੱਕ ਪਰੂਫ ਰੀਡਰ, ਇੱਕ ਜਿਲਦ ਸਾਜ ਅਤੇ ਇੱਕ ਕਾਪੀ ਹੋਲਡਰ ਨੂੰ ਵੀ ਸਮਾਗਮ ਵਿੱਚ ਲਿਜਾਇਆ ਗਿਆ। ਇਨ੍ਹਾਂ ਤੀਹਾਂ ਵਿੱਚ 9 ਬੀਬੀਆਂ ਵੀ ਸ਼ਾਮਲ ਸਨ।

ਭਾਸ਼ਾ ਵਿਭਾਗ ਦੇ ਇੱਕ ਦਸਤਾਵੇਜ਼ ਅਨੁਸਾਰ ਇਨ੍ਹਾਂ ਕਰਮਚਾਰੀਆਂ ਨੇ ਬੱਸ ਰਾਹੀਂ ਸ਼੍ਰੀਨਗਰ ਜਾਣਾ ਸੀ। ਬੱਸ ਨੇ ਪਟਿਆਲੇ ਤੋਂ 21 ਜੁਲਾਈ ਦੀ ਨੂੰ ਸ਼ਾਮ ਨੂੰ ਚਲਣਾ ਸੀ। ਸਮਾਗਮਾਂ ਵਿੱਚ ਆਪਣੇ ਫਰਜ਼ ਨਿਭਾਉਣ ਤੋਂ ਬਾਅਦ ਕਰਮਚਾਰੀਆਂ ਨੇ ਵਾਪਸੀ ਲਈ 25 ਜੁਲਾਈ ਦੀ ਸਵੇਰ ਨੂੰ ਸ਼੍ਰੀਨਗਰ ਤੋਂ ਵਾਪਸੀ ਕਰਨੀ ਸੀ। ਇੰਨਾ ਕਰਮਚਾਰੀਆਂ ਦੇ ਆਉਣ ਜਾਣ ਦਾ (ਟੀ ਏ) ਤੇ ਇਕ ਲੱਖ 20 ਹਜਾਰ ਰੁਪਏ, ਡੈਲੀਗੇਟਾਂ ਸਮੇਤ ਰਿਹਾਇਸ਼ ਲਈ ਇੱਕ ਲੱਖ ਰੁਪਏ ਅਤੇ ਫੁਟਕਲ 60 ਹਜਾਰ ਰੁਪਏ ਖ਼ਰਚ ਹੋਏ। ਖਾਣੇ ਉੱਪਰ ਕਰੀਬ ਇਕ ਲੱਖ 65 ਹਜਾਰ ਰੁਪਏ ਖਰਚ ਹੋਏ। ਕੀ ਨਿਰਦੇਸ਼ਕ ਸਾਹਿਬ ਦੱਸ ਸਕਦੇ ਹਨ ਕਿ ਇਕ ਸ਼ਹੀਦੀ ਸਮਾਗਮ ਵਿੱਚ ਭਾਸ਼ਾ ਵਿਭਾਗ ਦੇ ਇੰਨੇ ਕਰਮਚਾਰੀਆਂ ਦੀ ਕੀ ਲੋੜ ਸੀ? ਕੀ ਇਹ ਫ਼ਜ਼ੂਲ ਖ਼ਰਚੀ ਨਹੀਂ ਸੀ?

ਸੈਰ ਸਪਾਟੇ ਅਤੇ ਖਾਣ ਪੀਣ ਦੀ ਥਾਂ ਇਸ ਵੱਡੀ ਰਕਮ ਦਾ ਸਤ ਉਪਯੋਗ ਕਈ ਢੰਗਾਂ ਨਾਲ ਕੀਤਾ ਜਾ ਸਕਦਾ ਸੀ। ਇਨ੍ਹਾਂ ਵਿੱਚੋਂ ਇੱਕ ਢੰਗ 'ਗੁਰੂ ਤੇਗ ਬਹਾਦਰ ਸਾਹਿਬ ਪੁਸਤਕ ਲੜੀ' ਪ੍ਰਕਾਸ਼ਿਤ ਕਰਨਾ ਹੋ ਸਕਦਾ ਸੀ।

ਮਹਿੰਗਾਈ ਦੇ ਇਸ ਦੌਰ ਵਿੱਚ ਵੀ ਕਰੀਬ 200 ਪੰਨਿਆਂ ਦੀ ਮਿਆਰੀ ਪੁਸਤਕ 50 ਕੁ ਹਜ਼ਾਰ ਰੁਪਏ ਵਿੱਚ ਛੱਪ ਜਾਂਦੀ ਹੈ। ਇਸ ਰਕਮ ਨਾਲ, ਇਸ ਲੜੀ ਅਧੀਨ, ਭਾਸ਼ਾ ਵਿਭਾਗ ਆਪਣੀਆਂ ਘੱਟੋ ਘੱਟ 20 ਮਿਆਰੀ ਪੁਸਤਕਾਂ ਛਾਪ ਸਕਦਾ ਸੀ। ਜੇ ਕਿਸੇ ਕਾਰਨ ਭਾਸ਼ਾ ਵਿਭਾਗ ਆਪਣੇ ਤੌਰ ਤੇ ਪੁਸਤਕਾਂ ਪ੍ਰਕਾਸ਼ਤ ਕਰਨ ਦੀ ਸਥਿਤੀ ਵਿੱਚ ਨਹੀਂ ਸੀ ਤਾਂ ਕਿਸੇ ਵੱਡੇ ਪ੍ਰਕਾਸ਼ਕ ਦੇ ਸਹਿਯੋਗ ਨਾਲ ਇੱਕ ਸੰਯੁਕਤ ਉਦਮ (ਜੌਨਿਟ ਵਣਟੂਰਏ) ਅਧੀਨ 70-80 ਪੁਸਤਕਾਂ ਛਾਪੀਆਂ ਜਾ ਸਕਦੀਆਂ ਸਨ। ਇਹਨਾਂ ਵਿੱਚੋਂ 10 ਲੱਖ ਰੁਪਏ ਦੀਆਂ ਪੁਸਤਕਾਂ ਭਾਸ਼ਾ ਵਿਭਾਗ ਆਪ ਰੱਖ ਲੈਂਦਾ ਅਤੇ ਬਾਕੀ ਦੀਆਂ ਨੂੰ ਵੇਚਣ ਦਾ ਅਧਿਕਾਰ ਪ੍ਰਕਾਸ਼ਕ ਨੂੰ ਦੇ ਦਿੰਦਾ। ਇਸ ਤਰ੍ਹਾਂ ਕਰਨ ਨਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਦੀ ਯਾਦ ਸਦੀਵੀ ਬਣ ਜਾਂਦੀ। ਪਾਠਕਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸੰਬੰਧਿਤ ਮਿਆਰੀ ਜਾਣਕਾਰੀ ਮਿਲ ਜਾਂਦੀ। ਪੁਸਤਕਾਂ ਵੇਚ ਕੇ, ਭਾਸ਼ਾ ਵਿਭਾਗ ਨੂੰ 10 ਲੱਖ ਰੁਪਏ ਦੀ ਰਕਮ ਵਾਪਸ ਮਿਲ ਜਾਂਦੀ।

ਸਾਡਾ ਅਨੁਮਾਨ ਹੈ ਕਿ ਭਾਸ਼ਾ ਵਿਭਾਗ ਨੂੰ ਦਿੱਤੇ ਜਾਣ ਵਾਲੇ ਫੰਡਾਂ ਤੇ ਜੇ ਕੋਈ ਰੋਕ ਲੱਗੀ ਹੈ ਤਾਂ ਉਸਦਾ ਕਾਰਨ ਕਿਸੇ ਦੀ ਵਿਸੇਸ਼ ਅਧਿਕਾਰੀ ਦੀ ਨਰਾਜ਼ਗੀ ਨਹੀਂ ਸਗੋਂ ਅਜਿਹੀ ਫ਼ਜ਼ੂਲ ਖ਼ਰਚੀ ਹੈ।

ਸਮਾਗਮ ਦੌਰਾਨ ਭਾਸ਼ਾ ਵਿਭਾਗ ਦੇ ਪੰਜਾਬੀ ਭਾਸ਼ਾ ਬਾਰੇ ਗਿਆਨ ਦਾ ਵੀ ਜਲੂਸ ਨਿਕਲਿਆ। ਭਾਸ਼ਾ ਵਿਭਾਗ ਦੇ ਇਸ ਸਮਾਗਮ ਨਾਲ ਸੰਬੰਧਿਤ ਕਈ ਦਸਤਾਵੇਜ਼ਾਂ ਵਿੱਚ 'ਸ਼ਹੀਦੀ ਦਿਹਾੜੇ'' ਦੀ ਥਾਂ 'ਸ਼ਹੀਦੀ ਪੁਰਬ' ਸ਼ਬਦ ਦੀ ਵਰਤੋਂ ਕੀਤੀ ਗਈ। ਆਮ ਪੰਜਾਬੀ ਨੂੰ ਵੀ ਪਤਾ ਹੈ ਕਿ 'ਪੁਰਬ' ਸ਼ਬਦ ਤਿਉਹਾਰ, ਜਿਸ ਦਿਨ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ, ਲਈ ਵਰਤਿਆ ਜਾਂਦਾ ਹੈ ਨਾ ਕਿ ਸ਼ਹੀਦੀ ਦਿਹਾੜੇ ਲਈ। ਕਈ ਦਸਤਾਵੇਜ਼ਾਂ ਵਿੱਚ ਪੁਰਬ ਦੀ ਥਾਂ 'ਪੂਰਬ' ਲਿਖਿਆ ਹੋਇਆ ਹੈ। ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਇਨ੍ਹਾਂ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਗ਼ਲਤੀਆਂ ਨੂੰ ਠੀਕ ਕਰਨ ਦੀ ਖੇਚਲ ਨਹੀਂ ਕੀਤੀ। ਇਨ੍ਹਾਂ ਦਸਤਾਵੇਜ਼ਾਂ ਉੱਪਰ ਭਾਸ਼ਾ ਵਿਭਾਗ ਦੇ ਕਈ ਸੰਬੰਧਿਤ ਅਧਿਕਾਰੀਆਂ ਦੇ ਨਾਲ ਨਾਲ ਨਿਰਦੇਸ਼ਕ ਸਾਹਿਬ ਦੇ ਵੀ ਦਸਤਖ਼ਤ ਹਨ। ਅਜਿਹੇ ਸ਼ਬਦਾਂ ਦੀ ਵਰਤੋਂ ਤੋਂ ਸਾਨੂੰ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਦੀ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਾ ਭਾਲੀ ਭਾਂਤ ਅੰਦਾਜ਼ਾ ਹੋ ਜਾਂਦਾ ਹੈ। ਫੇਰ ਇਹ ਕਹਿਣ ਵਿਚ ਕੀ ਅਤਿ ਕਥਨੀ ਹੈ ਕਿ ਠੰਡੀਆਂ ਵਾਦੀਆਂ ਵਿੱਚ ਜਾ ਕੇ ਗਾਉਣ ਵਜਾਉਣ ਅਤੇ ਨੱਚ ਟੱਪ ਕੇ ਭਾਸ਼ਾ ਵਿਭਾਗ ਨੇ ਇਸ ਦਿਹਾੜੇ ਨੂੰ ਇਕ 'ਪੁਰਬ' ਦੇ ਤੌਰ ਤੇ ਹੀ ਤਾਂ ਮਨਾਇਆ।

ਨਾਚ ਗਾਣੇ ਨੇ ਮੰਤਰੀ ਸਾਹਿਬ ਅਤੇ ਨਿਰਦੇਸ਼ਕ ਸਾਹਿਬ ਦੀ ਅਕਾਲ ਤਖਤ ਸਾਹਿਬ ਤੇ ਪੇਸ਼ੀ ਪਵਾਈ। ਮੰਤਰੀ ਸਾਹਿਬ ਨੂੰ ਧਾਰਮਿਕ ਸਜ਼ਾ ਭੁਗਤਣੀ ਪਈ।


ਭਲਾ ਜੇ ਅਜਿਹੇ ਹਾਲਾਤਾਂ ਨੂੰ ਧਿਆਨ ਵਿੱਚ ਰੱਖ ਕੇ ਜੇ ਪੰਜਾਬ ਸਰਕਾਰ ਭਾਸ਼ਾ ਵਿਭਾਗ ਨੂੰ ਬੰਦ ਕਰਨ ਲਈ ਸੋਚ ਰਹੀ ਹੈ ਤਾਂ ਅਜਿਹੇ ਅਫ਼ਸੋਸਨਾਕ ਫ਼ੈਸਲੇ ਲਈ ਜਿੰਮੇਵਾਰ ਕੌਣ ਹੈ? ਉੱਚ ਅਧਿਕਾਰੀਆਂ ਦੀ ਕੋਈ ਵਿਸ਼ੇਸ਼ ਲਾਬੀ ਜਾਂ ਭਾਸ਼ਾ ਵਿਭਾਗ ਦੇ ਅਧਿਕਾਰੀ ?



ਰਮੇਸ਼ਵਰ ਸਿੰਘ

# ਅਧਿਆਤਮਕਤਾ ਦੀ ਪੋਥੀ "ਕਿਤਾਬ-ਏ-ਮੀਰਦਾਦ" (ਅਜੋਕੇ ਸਮੇਂ ਦਾ ਰੂਹਾਨੀ ਦਸਤਾਵੇਜ਼)

ਸੰਸਾਰ ਦੇ ਮਹਾਨ ਅਧਿਆਤਮਕ ਸਾਹਿਤ ਵਿਚ ਕੁੱਝ ਚੋਣਵੀਆਂ ਅਜਿਹੀਆਂ ਕਿਤਾਬਾਂ ਹਨ, ਜੋ ਕਿਸੇ ਇੱਕ ਧਰਮ, ਦੇਸ਼ ਜਾਂ ਸਮੇਂ ਵਿਚ ਨਾ ਬੱਝ ਕੇ ਸਮੁੱਚੀ ਮਨੁੱਖਤਾ ਦੀ ਸਾਂਝੀ ਵਿਰਾਸਤ ਬਣਦੀਆਂ ਹਨ। ਲਿਬਨਾਨ ਦੇ ਮਹਾਨ ਚਿੰਤਕ ਤੇ ਸਾਹਿਤਕ-ਾਰ ਮਿਖਾਇਲ ਨਈਮੀ ਦੀ ਵਿਸ਼ਵ ਪ੍ਰਸਿੱਧ ਰਚਨਾ "ਕਿਤਾਬ-ਏ-ਮੀਰਦਾਦ" ਅਜਿਹੀ ਹੀ ਇਕ ਅਦਭੁੱਤ ਤੇ ਸ਼ਾਹਕਾਰ ਕਿਤਾਬ ਹੈ। ਇਹ ਕੇਵਲ ਇਕ ਸਾਹਿਤਕ ਰਚਨਾ ਨਾ ਹੋ ਕੇ ਮਨੁੱਖੀ ਚੇਤਨਾ, ਪ੍ਰੇਮ, ਏਕਤਾ, ਆਤਮ ਗਿਆਨ ਅਤੇ ਰੂਹਾਨੀਅਤ ਦਾ ਦੀਵਾ ਹੈ, ਜੋ ਅੱਜ ਵੀ ਸਾਡੇ ਵਰਗੇ ਭੁੱਲੇ ਭਟਕਿਆਂ ਨੂੰ ਰਾਹ ਦਿਖਾ ਰਹੀ ਹੈ। ਇਸ ਕਿਤਾਬ ਦੇ ਇਕ ਵਾਕ ਨੂੰ ਸਮਝਣ ਲਈ ਦਿਨ, ਮਹੀਨੇ ਜਾਂ ਸਾਲ ਵੀ ਲੱਗ ਸਕਦੇ ਹਨ ਪਰ ਜਿਸ ਦਿਨ ਤੁਹਾਨੂੰ ਉਹ ਵਾਕ ਸਮਝ ਆ ਗਿਆ ਤਾਂ ਯਕੀਨਨ ਤੁਹਾਡਾ ਜ਼ਿੰਦਗੀ ਜਿਊਣ ਦਾ ਨਜ਼ਰੀਆ ਬਦਲ ਜਾਵੇਗਾ।




ਇਹ ਕਿਤਾਬ ਇਕ ਤਰ੍ਹਾਂ ਦਾ ਕਾਲਪਨਿਕ ਨਾਵਲ ਹੈ, ਜਿਸ ਦੀ ਕਹਾਣੀ ਹਜ਼ਰਤ ਨੂਹ ਦੀ ਬੇੜੀ ਦੇ ਸਥਾਨ 'ਤੇ ਬਣੇ ਇੱਕ ਪ੍ਰਾਚੀਨ ਮੱਠ ਦੁਆਲੇ ਘੁੰਮਦੀ ਹੈ।ਇਸ ਮੱਠ ਵਿਚ ਕੁੱਝ ਸੰਨਿਆਸੀ ਰਹਿੰਦੇ ਹਨ, ਜਿਨ੍ਹਾਂ ਦਾ ਇਕ ਮੁੱਖੀ ਹੈ, ਜੋ ਮੱਠ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰਦਾ ਹੈ। ਰੱਬੀ ਨੂਰ ਵਰਸਾਉਣ ਵਾਲਾ ਇਹ ਮੱਠ ਸਮਾਂ ਪਾ ਕੇ ਦੁਨਿਆਵੀ ਕਰਮ ਕਾਂਡਾਂ ਵਿਚ ਗ੍ਰਸਤ ਹੋ ਜਾਂਦਾ ਹੈ ਅਤੇ ਇੱਕ ਦਿਨ ਅਚਾਨਕ ਕੋਈ ਅਜਨਬੀ, ਜਿਸ ਦਾ ਨਾਮ ਮੀਰਦਾਦ ਹੈ, ਇਸ ਮੱਠ ਵਿਚ ਪ੍ਰਵੇਸ਼ ਕਰਦਾ ਹੈ। ਉਹ ਲੰਬਾ ਸਮਾਂ ਮੌਨ ਰਹਿ ਕੇ ਮੱਠ ਦੀ ਸੇਵਾ ਕਰਦਾ ਹੈ ਪਰ ਜਦੋਂ ਉਹ ਬੋਲਣਾ ਸ਼ੁਰੂ ਕਰਦਾ ਹੈ ਤਾਂ ਉਹ ਮੱਠ ਦੇ ਮੁੱਖੀ ਸਮੇਤ ਸਾਰਿਆਂ ਦੇ ਭਰਮ ਤੋੜ ਕੇ ਉਨ੍ਹਾਂ ਨੂੰ ਅਸਲ ਰੂਹਾਨੀਅਤ ਦਾ ਮਾਰਗ ਦਿਖਾਉਂਦਾ ਹੈ। ਮੀਰਦਾਦ ਦਾ ਹਰ ਸ਼ਬਦ ਮਨ ਦੇ ਹਨੇਰਿਆਂ ਨੂੰ ਚੀਰ ਕੇ ਰੋਸ਼ਨੀ ਦੀ ਕਿਰਨ ਦਿਖਾਉਂਦਾ ਹੈ।

ਇਸ ਕਿਤਾਬ ਦੇ ਮੁਖਤਲਿਫ਼ ਫਲਸਫ਼ੇ ਵਿਚ ਸਾਡੇ ਦੁੱਖਾਂ ਦੀ ਜੜ੍ਹ "ਮੈਂ" (ਹਊਮੈ) ਨੂੰ ਬ੍ਰਹਿਮੰਡੀ ਊਰਜਾ ਨਾਲ ਇਕਮਿੱਕ ਕਰਨ ਦਾ ਮਾਰਗ ਦਰਸਾਇਆ ਗਿਆ ਹੈ। ਸੰਪੂਰਨ ਕਿਤਾਬ ਦਾ ਨਿਚੋੜ ਪ੍ਰੇਮ ਹੈ, ਜਿਸ ਨੂੰ ਕੇਵਲ ਇਕ ਅਹਿਸਾਸ ਨਹੀਂ ਬਲਕਿ ਸਾਡੀ ਹੋਂਦ ਦਰਸਾਇਆ ਗਿਆ ਹੈ। ਇਸ ਕਿਤਾਬ ਵਿਚਲੇ ਸਿਧਾਂਤ "ਜਿਊਣ ਲਈ ਮਰੋ ਅਤੇ ਮਰਨ ਲਈ ਜੀਓ" ਰਾਹੀਂ ਮੌਤ ਦੇ ਡਰ ਨੂੰ ਖ਼ਤਮ ਕਰਕੇ ਬੇਖੌਫ਼ ਹੋ ਕੇ ਜਿਊਣ ਦਾ ਰਹੱਸ ਦੱਸਿਆ ਗਿਆ ਹੈ। ਇਹ ਕਿਤਾਬ ਸਾਨੂੰ ਸਿਖਾਉਂਦੀ ਹੈ ਕਿ ਬਹੁਤਾ ਬੋਲਣਾ ਸਾਨੂੰ ਸੱਚ ਤੋਂ ਕੋਹਾਂ ਦੂਰ ਲੈ ਜਾਂਦਾ ਹੈ ਜਦੋਂ ਕਿ ਮੌਨ ਹੀ ਪਰਮ ਸੱਚ ਦਾ ਨਿਵਾਸ ਬਣਦਾ ਹੈ।

ਮਿਖਾਈਲ ਨਈਮੀ ਨੇ 1948 ਵਿਚ ਇਹ ਕਿਤਾਬ ਅੰਗਰੇਜ਼ੀ ਭਾਸ਼ਾ ਵਿਚ ਪ੍ਰਕਾਸ਼ਿਤ ਕਰਵਾਈ ਤੇ 1952 ਵਿਚ ਖੁਦ ਇਸ ਦਾ ਅਰਬੀ ਵਿਚ ਅਨੁਵਾਦ ਕੀਤਾ। ਕਈ ਪੰਜਾਬੀ ਸਾਹਿਤਕਾਰਾਂ ਨੇ ਇਸ ਦਾ ਪੰਜਾਬੀ ਅਨੁਵਾਦ ਕੀਤਾ ਹੈ। ਅੱਜ ਇਹ ਕਿਤਾਬ ਦੁਨੀਆ ਦੀਆਂ ਕਈ ਭਾਸ਼ਾਵਾਂ ਵਿਚ ਉਪਲੱਬਧ ਹੈ। ਮਿਖਾਈਲ ਅਮਰੀਕਾ ਵਿਚ ਖਲੀਲ ਜਿਬਰਾਨ ਨੂੰ ਮਿਲਿਆ ਤੇ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਦਾ ਸੰਗੀ ਬਣਿਆ। ਉਹ ਅਮਰੀਕਾ, ਰੂਸ ਸਮੇਤ ਕਈ ਦੇਸ਼ਾਂ ਵਿਚ ਗਿਆ ਪਰ ਆਪਣੀ ਉਮਰ ਦੇ ਆਖਰੀ ਸਾਲਾਂ ਵਿਚ ਲਿਬਨਾਨ ਆਪਣੇ ਪਿੰਡ ਵਾਪਸ ਆ ਗਿਆ ਅਤੇ ਉੱਥੇ ਹੀ ਉਸ ਨੇ ਆਪਣੀਆਂ ਤਮਾਮ ਕਿਤਾਬਾਂ ਲਿਖੀਆਂ।

ਤਕਰੀਬਨ ਇੱਕ ਲੱਖ ਕਿਤਾਬਾਂ ਪੜ੍ਹਨ ਵਾਲੇ ਦਰਸ਼ਨ ਸ਼ਾਸਤਰ ਦੇ ਪ੍ਰੋਫੈਸਰ, ਦੇਸ਼ ਦੇ ਬਹੁਤ ਵੱਡੇ ਤਾਰਕਿਕ ਤੇ ਅਧਿਆਤਮਕ ਗੁਰੂ ਰਜਨੀਸ਼ (ਓਸ਼ੋ), ਜਿਨ੍ਹਾਂ ਨੂੰ ਕੋਈ ਮੰਨੇ ਜਾਂ ਨਾ ਮੰਨੇ ਪਰ ਉਨ੍ਹਾਂ ਦੇ ਵਿਚਾਰਾਂ ਨੂੰ ਤਰਕ ਦੇ ਅਧਾਰ ਤੇ ਨਕਾਰਨਾ ਮੁਮਕਿਨ ਨਹੀਂ। ਓਸ਼ੋ ਨੇ ਆਪਣੇ ਸਰੋਤਿਆਂ ਨੂੰ ਇਕੋ ਕਿਤਾਬ ਪੜ੍ਹਨ ਦੀ ਸਿਫ਼ਾਰਸ਼ ਕੀਤੀ ਸੀ, ਜਿਸ ਦਾ ਨਾਮ ਸੀ "ਕਿਤਾਬ-ਏ-ਮੀਰਦਾਦ"। ਇਸ ਕਿਤਾਬ ਬਾਰੇ ਓਸ਼ੋ ਦਾ ਬੜਾ ਪ੍ਰਸਿੱਧ ਕਥਨ ਹੈ ਕਿ ਜੇਕਰ ਸੰਸਾਰ ਦੀਆਂ ਸਾਰੀਆਂ ਕਿਤਾਬਾਂ ਨੂੰ ਲਿਜਾ ਰਿਹਾ ਸਮੁੰਦਰੀ ਜਹਾਜ਼ ਡੁੱਬਣ ਲੱਗਿਆ ਹੋਵੇ ਤੇ ਕੇਵਲ ਇਕ ਹੀ ਕਿਤਾਬ ਬਚਾਈ ਜਾ ਸਕਦੀ ਹੋਵੇ ਤਾਂ ਇਸ ਕਿਤਾਬ ਨੂੰ ਬਚਾਉਣਾ ਚਾਹੀਦਾ ਹੈ। ਕਈ ਪੱਛਮੀ ਅਤੇ ਪੂਰਬੀ ਦਾਰਸ਼ਨਿਕਾਂ ਨੇ ਇਸ ਨੂੰ ਉਪਨਿਸ਼ਦਾਂ, ਸ਼ਾਸਤਰਾਂ ਅਤੇ ਸੂਫ਼ੀ ਰਹੱਸ ਦੇ ਹਾਣ ਦੀ ਰਚਨਾ ਮੰਨਿਆ ਹੈ।

ਇਸ ਕਿਤਾਬ ਬਾਰੇ ਕਿਹਾ ਜਾਂਦਾ ਹੈ ਕਿ ਇਹ ਕਿਤਾਬ ਆਪਣੇ ਪਾਠਕ ਨੂੰ ਖੁਦ ਭਾਲ਼ਦੀ ਹੈ। ਇਕ ਪ੍ਰਚਲਿਤ ਕਹਾਣੀ ਮੁਤਾਬਿਕ ਦਿੱਲੀ ਵਿਚ ਇਕ ਨੌਜੁਆਨ ਰਸਤੇ ਵਿਚ ਖੜ੍ਹਾ ਬੱਸ ਦੀ ਉਡੀਕ ਕਰ ਰਿਹਾ ਸੀ। ਉਸ ਕੋਲ ਇਕ ਵਿਅਕਤੀ ਸਾਈਕਲ ਤੇ ਸਿਰਫ਼ 500 ਰੁਪਏ ਵਿਚ ਵੇਚਣ ਲਈ ਕਿਤਾਬਾਂ ਦੀ ਗਠੜੀ ਲੈ ਕੇ ਆਇਆ। ਪਹਿਲਾਂ ਤਾਂ ਨੌਜੁਆਨ ਝਿਜਕਿਆ ਪਰ ਬਾਅਦ ਵਿਚ ਉਸ ਨੂੰ ਲੱਗਿਆ ਕਿ ਕਿਤਾਬਾਂ ਖੁਦ ਚੱਲ ਕੇ ਉਸ ਕੋਲ ਆਈਆਂ ਹਨ, ਇਨ੍ਹਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਸੋ, ਉਹ ਸਾਰੀਆਂ ਕਿਤਾਬਾਂ ਖਰੀਦ ਲੈਂਦਾ ਹੈ ਅਤੇ ਜਿਉਂ ਹੀ ਕਿਤਾਬਾਂ ਲੈ ਕੇ ਆਪਣੇ ਘਰ ਵੱਲ ਜਾਣ ਲਗਦਾ ਹੈ ਤਾਂ ਪਿੱਛਿਓਂ ਇਕ ਬਜ਼ੁਰਗ ਕੁੱਝ ਪੁਲਿਸ ਵਾਲਿਆਂ ਨੂੰ ਨਾਲ ਲੈ ਕੇ ਆਉਂਦਾ ਹੈ ਅਤੇ ਪੁਲਿਸ ਵਾਲਾ ਉਸ ਨੌਜੁਆਨ ਨੂੰ ਕਹਿੰਦਾ ਹੈ ਕਿ ਜਿਸਨੇ ਤੁਹਾਨੂੰ ਇਹ ਕਿਤਾਬਾਂ ਵੇਚੀਆਂ, ਉਹ ਇਨ੍ਹਾਂ ਦੇ ਘਰੋਂ ਚੁਰਾ ਕੇ ਲੈ ਗਿਆ ਸੀ, ਹੁਣ ਤੁਹਾਨੂੰ ਇਹ ਸਾਰੀਆਂ ਕਿਤਾਬਾਂ ਇਸ ਬਜ਼ੁਰਗ ਆਦਮੀ ਨੂੰ ਵਾਪਸ ਕਰਨੀਆਂ ਪੈਣਗੀਆਂ। ਇਹ ਸੁਣ ਕੇ ਨੌਜੁਆਨ ਉਸ ਬਜ਼ੁਰਗ ਨੂੰ ਆਖਦਾ ਹੈ ਕਿ ਤੁਸੀਂ ਤਾਂ ਬਹੁਤ ਸਿਆਣੇ ਹੋ ਤੇ ਸ਼ਾਇਦ ਤੁਸੀਂ ਇਹ ਸਾਰੀਆਂ ਕਿਤਾਬਾਂ ਪੜ੍ਹ ਵੀ ਲਈਆਂ ਹੋਣਗੀਆਂ ਪਰ ਮੇਰੀ ਹਾਲੇ ਇਸ ਸਫ਼ਰ ਵਿਚ ਸ਼ੁਰੂਆਤ ਹੈ। ਸੋ, ਇਹ ਕਿਤਾਬਾਂ ਮੇਰੇ ਕੋਲ ਹੀ ਰਹਿਣ ਦਿਓ ਤਾਂ ਬਜ਼ੁਗਰ ਇਨਕਾਰ ਕਰ ਦਿੰਦਾ ਹੈ ਤਾਂ ਉਹ ਨੌਜੁਆਨ ਉਨ੍ਹਾਂ ਕਿਤਾਬਾਂ ਵਿਚੋਂ ਸਹਿਜੇ ਹੀ ਇਕ ਕਿਤਾਬ ਚੁੱਕ ਕੇ ਕਹਿੰਦਾ ਹੈ ਕਿ ਚਲੋ, ਘੱਟੋ-ਘੱਟ ਇਕ ਕਿਤਾਬ ਤਾਂ ਮੇਰੇ ਕੋਲ ਰਹਿਣ ਦਿਓ, ਬਾਕੀ ਚਾਹੇ ਵਾਪਸ ਲੈ ਜਾਓ। ਉਹ ਕਿਤਾਬ ਹੁੰਦੀ ਹੈ "ਕਿਤਾਬ-ਏ-ਮੀਰਦਾਦ"। ਇਹ ਵੇਖ ਕੇ ਬਜ਼ੁਰਗ ਠਠੰਬਰਦਾ ਹੈ ਅਤੇ ਉਸ ਨੌਜੁਆਨ ਨੂੰ ਪੁੱਛਦਾ ਹੈ ਕਿ ਕੀ ਤੂੰ ਪਹਿਲਾਂ ਇਹ ਕਿਤਾਬ ਪੜ੍ਹੀ ਹੈ ਜਾਂ ਇਸ ਬਾਰੇ ਸੁਣਿਆ ਹੈ? ਜਦੋਂ ਨੌਜੁਆਨ ਇਸ ਕਿਤਾਬ ਬਾਰੇ ਅਣਜਾਣਤਾ ਜ਼ਾਹਿਰ ਕਰਦਾ ਹੈ ਤਾਂ ਬਜ਼ੁਰਗ ਉਸ ਨੂੰ ਕਹਿੰਦਾ ਹੈ ਕਿ ਇਸ ਕਿਤਾਬ ਨੂੰ ਖੋਲ ਕੇ ਇਸ ਦਾ ਪਹਿਲਾ ਪੰਨਾ ਪੜ੍ਹ। ਜਦੋਂ ਉਹ ਨੌਜੁਆਨ ਕਿਤਾਬ ਦਾ ਪਹਿਲਾ ਪੰਨਾ ਖੋਲ ਕੇ ਪੜ੍ਹਦਾ ਹੈ ਤਾਂ ਉੱਥੇ ਲਿਖਿਆ ਹੁੰਦਾ ਹੈ ਕਿ "ਇਹ ਕਿਤਾਬ ਆਪਣੇ ਪੜ੍ਹਨ ਵਾਲੇ ਦਾ ਇੰਤਖਾਬ ਖੁਦ ਕਰਦੀ ਹੈ।" ਉਹ ਬਜ਼ੁਰਗ ਸਾਰੀਆਂ ਕਿਤਾਬਾਂ ਉਸ ਨੌਜੁਆਨ ਨੂੰ ਦੇ ਕੇ ਅਲਵਿਦਾ ਆਖ ਜਾਂਦਾ ਹੈ।

ਇਹ ਇੱਕ ਵਾਰ ਪੜ੍ਹ ਕੇ ਲਾਂਭੇ ਰੱਖਣ ਵਾਲੀ ਕਿਤਾਬ ਨਹੀਂ ਹੈ, ਸਗੋਂ ਵਾਰ-ਵਾਰ ਜਿਊਣ ਵਾਲੀ ਕਿਤਾਬ ਹੈ। ਦਰਵੇਸ਼ ਵਿਦਵਾਨ ਮਿਖਾਇਲ ਨਈਮੀ ਦੀ ਇਹ ਅਦਭੁਤ ਦੇਣ ਅਜੋਕੇ ਭਟਕੇ ਹੋਏ ਸਮਾਜ ਲਈ ਇੱਕ ਚਾਨਣ ਮੁਨਾਰਾ ਹੈ। ਜੇਕਰ ਅਜੋਕਾ ਇਨਸਾਨ, ਖ਼ਾਸ ਕਰਕੇ ਨੌਜਵਾਨ ਵਰਗ, ਇਸ ਕਿਤਾਬ ਦੇ ਸਿਧਾਂਤਾਂ ਨੂੰ ਆਪਣੇ ਜੀਵਨ ਵਿੱਚ ਉਤਾਰ ਲਵੇ, ਤਾਂ ਇੱਕ ਬੇਹੱਦ ਖ਼ੂਬਸੂਰਤ, ਸ਼ਾਂਤਮਈ ਅਤੇ ਪ੍ਰੇਮ-ਭਰਪੂਰ ਸੰਸਾਰ ਸਿਰਜਿਆ ਜਾ ਸਕਦਾ ਹੈ। ਅੱਜ ਜਦੋਂ ਮਨੁੱਖਤਾ ਬਾਹਰੀ ਤਰੱਕੀ ਦੇ ਬਾਵਜੂਦ ਅੰਦਰੂਨੀ ਸੰਕਟਾਂ ਨਾਲ ਜੂਝ ਰਹੀ ਹੈ, ਤਦ ਮਿਖਾਇਲ ਨਈਮੀ ਦੀ ਇਹ ਰਚਨਾ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਬਣ ਜਾਂਦੀ ਹੈ। ਸੋ, ਜਿਹੜੇ ਪਾਠਕ ਅਧਿਆਤਮਕ ਖੋਜੀ ਹਨ, ਧਿਆਨ ਵਿਚ ਰੁਚੀ ਰੱਖਦੇ ਹਨ ਜਾਂ ਜੀਵਨ ਦੇ ਡੂੰਘੇ ਸੱਚ ਨੂੰ ਜਾਣਨਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਕਿਤਾਬ ਅਜੋਕੇ ਸਮੇਂ ਦਾ ਰੂਹਾਨੀ ਦਸਤਾਵੇਜ਼ ਹੈ।

----



**ਹਰਪ੍ਰੀਤ ਸਿੰਘ ਸਵੈਚ**
**ਮੋਬਾਇਲ:**
**9878224000**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**